ਬਿਰਹਾ ਤੂ ਸੁਲਤਾਨ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਪਿਆਰੇ ਦੇ ਵਿਛੋੜੇ ਵਿੱਚ ਹਿਰਦੇ ਦਾ ਦੁੱਖ ਬਿਰਹਾ ਹੈ। ਗੁਰਬਾਣੀ ਅਨੁਸਾਰ ਕੀ ਮਨੁੱਖ ਨੂੰ ਕਿਸੇ ਦੇ ਵਿਛੋੜੇ ਤੋਂ ਬਿਰਹੀ ਹੋਣ ਦੀ ਲੋੜ ਹੈ? ਗੁਰਮੁਖਿ ਜੀਵ ਇਸਤ੍ਰੀ ਦਾ ਬਿਰਹਾ ਭਾਵ ਵਿਜੋਗ ਦਾ ਸੱਲ੍ਹ ਕਿਹੋ ਜਿਹਾ ਹੈ?

- ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ॥
  ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ॥ (੬੩੭)

- ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ॥ ਮੇਰਾ ਹਰਿ ਪ੍ਰਭੁ ਮਿਤੁ ਮਿਲੈ ਸੁਖੁ ਪਾਈ ਜੀਉ॥
  ਹਰਿ ਪ੍ਰਭੁ ਦੇਖਿ ਜੀਵਾ ਮੇਰੀ ਮਾਈ ਜੀਉ॥ ਮੇਰਾ ਨਾਮੁ ਸਖਾ ਹਰਿ ਭਾਈ ਜੀਉ॥ (੧੭੫)

- ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ॥ ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ॥
  ਮਨੁ ਹਰਿ ਰੰਗਿ ਰਤੜਾ ਹਰਿ ਰਸੁ ਸਦਾ ਪੀਵਾ ਜੀਉ॥ ਹਰਿ ਪਾਇਅੜਾ ਮਨਿ ਜੀਵਾ ਜੀਉ॥ (੧੭੫)

ਡੂੰਘੀ ਪ੍ਰੀਤ ਨੂੰ ਵੀ ਬਿਰਹਾ ਹੀ ਕਿਹਾ ਗਿਆ ਹੈ ਪਰ ਪ੍ਰਭੂ ਨਾਮ ਦੇ ਥਾਂ ਮਾਇਕ ਪਦਾਰਥਾਂ ਨਾਲ ਅਜੇਹੀ ਪ੍ਰੀਤਿ ਸਤਿਗੁਰਾਂ ਨੂੰ ਨਹੀਂ ਭਾਉਂਦੀ:

- ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥ ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥ (੩੧੯)

- ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
  ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
  ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
  ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
  ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥
  ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥
  ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥
  ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥
  ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
  ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥
  ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥
  ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ॥
  ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ॥
  ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
  ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
  ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥ (੫੫੭)

- ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ॥
  ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥

ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥ਰਹਾਉ॥
ਚਾਰਿ ਪਹਰ ਚਹੁ ਜੁਗਹ ਸਮਾਨੇ॥ ਰੈਣਿ ਭਈ ਤਬ ਅੰਤੁ ਨ ਜਾਨੇ॥
ਪੰਚ ਦੂਤ ਮਿਲਿ ਪਿਰਹੁ ਵਿਛੋੜੀ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ॥
ਜਨ ਨਾਨਕ ਕਉ ਹਰਿ ਦਰਸੁ ਦਿਖਾਇਆ॥ ਆਤਮੁ ਚੀਨ੍ਹਿ ਪਰਮ ਸੁਖੁ ਪਾਇਆ॥ (੩੭੪)

– ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ॥
ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ॥
ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ॥
ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ॥
ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ॥ (੪੬੦)

– ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ॥
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ॥
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ॥
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ॥
ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ॥
ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ॥ (੫੭੨)

– ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥ ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ॥ ਮੁਝੁ ਅਵਗਨ ਸਹ ਨਾਹੀ ਦੋਸੁ॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ॥ ਜੋਬਨੁ ਖੋਇ ਪਾਛੈ ਪਛੁਤਾਨੀ॥ਰਹਾਉ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥
ਵਿਧਣ ਖੂਹੀ ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥
ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥ (੭੯੪)

– ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥ (੧੩੭੯)

– ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ॥ (੩੭੯)

ਪਿਆਰਾ, ਮਿੱਤ੍ਰ, ਸੱਜਣ

– ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥
ਏਕਾ ਟੇਕ ਮੇਰੈ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥ਰਹਾਉ॥ (੧੮੭)

ਕਾਮ, ਲੋਭ ਅਤੇ ਮੋਹ ਤਿੰਨਾਂ ਦੇ ਮਿਲਵੇਂ ਪ੍ਰਭਾਵ ਥੱਲੇ ਕਿਸੇ ਸੁਆਰਥ ਸਿੱਧੀ ਦੀ ਮੰਦ ਭਾਵਨਾ ਦੇ ਗੰਦ ਨਾਲ ਲਿੱਬੜੇ ਮਨ ਵਾਲਿਆਂ ਦੀ ਗੱਲ ਨਹੀਂ ਹੈ ਪਰ ਸੱਚੀ ਦੋਸਤੀ, ਦਿਲੀ ਮਿਤ੍ਰਤਾਈ ਅਤੇ ਸੱਜਣਤਾਈ ਦਾ ਮਹੌਲ ਮੋਹ ਪਿਆਰ ਦੀ ਨੀਂਹ ਤੇ ਹੀ ਉਸਰਦਾ ਹੈ। ਦੋਸਤੀ ਬਣਨ ਤੋਂ ਪਹਿਲਾਂ ਮੋਹ ਪਿਆਰ ਦਾ ਅੰਕੁਰ ਜ਼ਰੂਰ ਫੁੱਟਦਾ ਹੈ ਭਾਵੇਂ

ਉਹ ਕੇਵਲ ਗੁਣਾਂ ਦੇ ਕਾਰਨ ਜਾਗਿਆ ਹੋਵੇ, ਤੇ ਭਾਵੇਂ ਸੋਹਣੀ ਮਨਮੋਹਣੀ ਸੂਰਤ ਮੂਰਤ ਨੇ ਖਿੱਚ ਪਾਈ ਹੋਵੇ। ਸਤਿਗੁਰਾਂ ਦੀ ਸੇਵਾ ਵਿੱਚ ਹਾਜ਼ਰ ਹੋ ਕੇ ਮਿੱਤਰ ਬਣਾਉਣ ਦੀ ਜਾਂਚ ਗੁਰਬਾਣੀ ਸਾਨੂੰ ਕਿਵੇਂ ਸਿਖਾਉਂਦੀ ਹੈ, ਆਉ ਵੇਖੀਏ:

ਲੋਭ ਜਾਂ ਮੋਹ ਦੇ ਕਾਰਨ ਬਣੀ ਸੰਸਾਰੀ ਮਿਤ੍ਰਤਾਈ ਅਤੇ ਗੁਰਮਤਿ

- ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ॥ ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ॥
  ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ॥ ਏਕੁ ਨਿਵਾਹੂ ਰਾਮ ਨਾਮ ਦੀਨਾ ਕਾ ਪ੍ਰਭੁ ਨਾਥ॥ (੪੩੧)

- ਜਬ ਧਾਰੈ ਕੋਊ ਬੈਰੀ ਮੀਤੁ॥ ਤਬ ਲਗੁ ਨਿਹਚਲੁ ਨਾਹੀ ਚੀਤੁ॥ (੨੭੮)

- ਇਹ ਜਗਿ ਮੀਤੁ ਨ ਦੇਖਿਓ ਕੋਈ॥
  ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥ਰਹਾਉ॥
  ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
  ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥
  ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ॥
  ਦੀਨਾ ਨਾਥ ਸਗਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ॥ (੬੩੩)

- ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ॥
  ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ॥
  ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ॥ (੫੮੬)

- ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥
  ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥ (੬੭੬)

- ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥
  ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥ਰਹਾਉ॥
  ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
  ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ (੭੦੦)

- ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥
  ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥
  ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥ (੭੯੦)

- ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ॥ (੧੪੯)

- ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥ ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
  ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥
  ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥ (੯੫੯)

- ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ॥ ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ॥
  ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ॥ ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ॥
  ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ॥ ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥
  ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ॥
  ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥(੭੫੫)

– ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ (੪੬੮)

– ਕਰਿ ਕਰਿ ਥਾਕੀ ਮੀਤ ਘਨੇਰੇ॥ ਕੋਇ ਨ ਕਾਟੈ ਅਵਗੁਣ ਮੇਰੇ॥
ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ॥ (੧੦੨੧)

– ਕਬੀਰ ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥(੧੩੬੫)

– ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥ ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ (੧੩੭੫)

ਖੋਟੇ ਮਿੱਤਰ

– ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥ ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥(੩੧੯)

– ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ॥
ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ॥ (੩੧੮)

– ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ॥
ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ॥
ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ॥
ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ॥
ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ॥ (੬੪੩)

– ਕਿਸੁ ਭਰਵਾਸੈ ਬਿਚਰਹਿ ਭਵਨ॥ ਮੂੜ ਮੁਗਧ ਤੇਰਾ ਸੰਗੀ ਕਵਨ॥
ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ॥ ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ॥ (੮੯੮)

– ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ॥ ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ॥ (੭੫੫)

– ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ॥ (੫੨੦)

ਗਿਆਨ ਦਾਤਾ ਗੁਰੂ ਸੱਚਾ ਮਿੱਤਰ

ਚਰਣਾਮ੍ਰਿਤ ਦੀ ਬ੍ਰਾਹਮਣੀ ਰਸਮ ਨਾਲ ਆਪਣੇ ਸਤਿਗੁਰੂ ਜੀ ਨਾਲ ਗੁਰੁ ਚੇਲੇ ਦਾ ਰਿਸ਼ਤਾ ਜੋੜਨ ਦੀ ਗੱਲ ਕਰਨ ਵਾਲੇ ਹੇ ਸਤਿਗੁਰਾਂ ਦੇ ਸ਼ਰਧਾਲੀ ਗੁਰਸਿੱਖੋ! ਪੈਰ ਧੋ ਕੇ ਪਿਲਾਉਣ ਦੀ ਕਥਿਤ ਰਸਮ ਪੂਰੀ ਕਰਨ ਉਪਰੰਤ ਗਿਆਨ ਦੀ ਬਖਸ਼ਿਸ਼ ਕਰਨ ਦੀ ਗੱਲ ਕਰਨ ਵਾਲੇ ਸੱਜਣੋਂ! ਆਉ ਦਰਸ਼ਨ ਕਰ ਲਵੋ ਸੱਚੇ ਮਿੱਤਰ ਗੁਰਦੇਵ ਜੀ ਦੇ। ਸਤਿਗੁਰੂ ਨਾਨਕ ਸਾਹਿਬ ਦੇ ਪਾਵਨ ਪਵਿੱਤਰ ਨਾਮਣੇ ਨਾਲ ਕਰਮਕਾਂਡੀ ਰਸਮਾਂ ਜੋੜਨ ਵਾਲੇ ਮਿੱਤਰੋ ਏਧਰ ਵੇਖੋ ਨਾਨਕ ਸਾਹਿਬ ਜੀ ਦੀ ਜੋਤਿ ਦੇ ਗਿਆਰਵੇਂ ਅਤੇ ਸਦੀਵੀ ਮਾਲਕ ਪੂਰਨ ਸਤਿਗੁਰੂ ਗ੍ਰੰਥ ਸਾਹਿਬ ਜੀ ਉਪਦੇਸ਼ ਦੇਣ ਤੋਂ ਪਹਿਲਾਂ ਸਾਨੂੰ ਅਕ੍ਰਿਤਘਣਾਂ ਨੂੰ ਕਿਵੇਂ ਸੰਬੋਧਨ ਕਰ ਰਹੇ ਹਨ:

– ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ॥
ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ॥

ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ ਸਹਜੇ ਹਰਿ ਰਸੁ ਪੀਜੈ॥
ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ॥
ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ॥
ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ॥
ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ॥ (੧੩੨੬)

- ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ॥
ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ॥ (੪੦੪)

- ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ॥
ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ॥ (੨੫੯)

- ਗੋਬਿੰਦ ਜਸੁ ਗਾਈਐ ਹਰਿ ਨੀਤ॥ ਮਿਲਿ ਭਜੀਐ ਸਾਧਸੰਗਿ ਮੇਰੇ ਮੀਤ॥ (੨੯੬)

- ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥ (੩੮੬)

- ਸੁਨਹੁ ਮੀਤ ਐਸਾ ਪ੍ਰੇਮ ਪਿਆਰੁ॥ ਜੀਅ ਪ੍ਰਾਨ ਘਟ ਘਟ ਆਧਾਰੁ॥ (੩੯੧)

- ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥ (੬੬੭)

- ਓਇ ਸਾਜਨ ਓਇ ਮੀਤ ਪਿਆਰੇ॥ ਜੋ ਹਮ ਕਉ ਹਰਿ ਨਾਮੁ ਚਿਤਾਰੇ॥ (੭੩੯)

- ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ॥
ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ॥
ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥ (੧੪੨੧)

- ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥ ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ॥
ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ॥ (੧੪੧੦)

- ਸੁਣਿ ਸਾਜਨ ਸੰਤ ਜਨ ਭਾਈ॥ ਚਰਣ ਸਰਣ ਨਾਨਕ ਗਤਿ ਪਾਈ॥ (੭੪੫)

- ਸੁਣਿ ਸਾਜਨ ਇਉ ਦੁਤਰੁ ਤਰੀਐ॥ ਮਿਲਿ ਸਾਧੂ ਹਰਿ ਨਾਮੁ ਉਚਰੀਐ॥ਰਹਾਉ॥
ਏਕ ਬਿਨਾ ਦੂਜਾ ਨਹੀ ਜਾਨੈ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ॥
ਜੋ ਕਿਛੁ ਕਰੈ ਸੋਈ ਭਲ ਮਾਨੈ॥ ਆਦਿ ਅੰਤ ਕੀ ਕੀਮਤਿ ਜਾਨੈ॥
ਕਹੁ ਨਾਨਕ ਤਿਸੁ ਜਨ ਬਲਿਹਾਰੀ॥ ਜਾ ਕੈ ਹਿਰਦੈ ਵਸਹਿ ਮੁਰਾਰੀ॥ (੭੪੧)

ਗੁਰੂ ਸੱਜਣ

- ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥ (੫੨੦)

- ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ॥ (੯੪)

- ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ॥
ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ॥ (੨੨)

- ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥ ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥ (੪੧)

- ਸਾਜਨੁ ਮੀਤੁ ਪਿਆਰਾ ਸੋਈ॥ ਏਕੁ ਦ੍ਰਿੜਾਏ ਦੁਰਮਤਿ ਖੋਈ॥
ਕਾਮੁ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ॥ (੧੦੮੫)

- ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਰੁਜਨਹ॥ ਦੁਖੰ ਭਯੰਤਿ ਸੁਖੰ ਭੈ ਭੀਤੰ ਤ ਨਿਰਭਯਹ॥
ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ॥ (੧੩੫੭)

- ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ॥ ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ॥
ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ॥
ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ॥
ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ॥ (੧੪੨੧)

ਹਰਿ ਪ੍ਰਭ ਸਜਣ

- ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ॥ ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ॥
ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ॥ ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ॥(੪੨)

- ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ॥
ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ॥ (੧੬੩)

- ਮੇਰੇ ਮਾਨ ਕੋ ਅਸਥਾਨੁ॥ ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ॥ (੧੦੧੭)

- ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥
ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ॥
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ॥ਰਹਾਉ॥
ਜਿਉ ਤੁਮ ਰਾਖਹੁ ਤਿਵ ਹੀ ਰਹਨਾ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ॥
ਜਹ ਪੇਖਉ ਤਹਾ ਤੁਮ ਬਸਨਾ॥ ਨਿਰਭਉ ਨਾਮੁ ਜਪਉ ਤੇਰਾ ਰਸਨਾ॥ (੧੮੧)

- ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ॥ ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ॥(੭੫੯)

- ਜਾ ਕਾ ਮੀਤੁ ਸਾਜਨੁ ਹੈ ਸਮੀਆ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ॥
ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ॥ (੧੮੬)

- ਤੁਝ ਬਿਨੁ ਕਵਨੁ ਹਮਾਰਾ॥ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥ਰਹਾਉ॥
ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥
ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥ (੨੦੬)

- ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥

ਏਕਾ ਟੇਕ ਮੇਰੇ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥ਰਹਾਉ॥
ਮੀਤੁ ਹਮਾਰਾ ਵੇਪਰਵਾਹਾ॥ ਗੁਰ ਕਿਰਪਾ ਤੇ ਮੋਹਿ ਅਸਨਾਹਾ॥
ਮੀਤੁ ਹਮਾਰਾ ਅੰਤਰਜਾਮੀ॥ ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ॥
ਹਮ ਦਾਸੇ ਤੁਮ ਠਾਕੁਰ ਮੇਰੇ॥ ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥ (੧੯੭)

– ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ॥ (੯੨੪)

ਗੁਰਮਤਿ ਸਿਧਾਂਤ ਦੀ ਖੰਡਨਾ ਦਾ ਝਉਲਾ

ਕੀ ਆਪਣੇ ਲੋਭ ਦੀ ਪੂਰਤੀ ਲਈ ਪ੍ਰਭੂ ਨੂੰ ਮਿੱਤਰ ਬਣਾਇਆ ਜਾ ਸਕਦਾ ਹੈ?

– ਅਪਨੇ ਲੋਭ ਕਉ ਕੀਨੋ ਮੀਤੁ॥ ਸਗਲ ਮਨੋਰਥ ਮੁਕਤਿ ਪਦੁ ਦੀਤੁ॥
ਐਸਾ ਮੀਤੁ ਕਰਹੁ ਸਭੁ ਕੋਇ॥ ਜਾ ਤੇ ਬਿਰਥਾ ਕੋਇ ਨ ਹੋਇ॥ਰਹਾਉ॥
ਅਪੁਨੈ ਸੁਆਇ ਰਿਦੈ ਲੈ ਧਾਰਿਆ॥ ਦੂਖ ਦਰਦ ਰੋਗ ਸਗਲ ਬਿਦਾਰਿਆ॥
ਰਸਨਾ ਗੀਧੀ ਬੋਲਤ ਰਾਮ॥ ਪੂਰਨ ਹੋਏ ਸਗਲੇ ਕਾਮ॥
ਅਨਿਕ ਬਾਰ ਨਾਨਕ ਬਲਿਹਾਰਾ॥ ਸਫਲ ਦਰਸਨੁ ਗੋਬਿੰਦੁ ਹਮਾਰਾ॥ (੧੯੫)

ਧਿਆਨ ਰਹੇ ਕਿ ਕੇਵਲ ਕਿਸੇ ਲਾਲਚ ਦੀ ਖ਼ਾਤਰ ਪ੍ਰਭੂ ਨਾਮ ਦਾ ਜਾਪ ਕਰਨ ਦੀ ਜਾਂ ਕੋਈ ਕੰਮ ਪੈਣ ਤੇ ਉਸ ਨੂੰ ਯਾਦ ਕਰਨ ਦੀ ਗੱਲ ਨਹੀਂ ਹੈ ਸਗੋਂ ਉਸ ਸਿਰਜਣਹਾਰ ਨੂੰ ਆਪਣਾ ਮਿੱਤਰ ਬਣਾ ਲੈਣ ਦੀ ਗੱਲ ਹੈ। ਅਜੇ ਮਨੁੱਖ ਤਾਂ ਭਾਵੇਂ ਮਿਤ੍ਰਤਾਈ ਦੀ ਲਾਜ ਨਾ ਰੱਖੇ ਪਰ ਪ੍ਰਮਾਤਮਾ ਮਿਤ੍ਰਤਾਈ ਦੀ ਲਾਜ ਕਿਵੇਂ ਨਾ ਰੱਖੇ? ਇਹ ਵੀ ਨਾਂ ਭੁਲੀਏ ਕਿ ਮਿਤ੍ਰਤਾਈ ਸਦਾ ਹਮ ਖ਼ਿਆਲ ਅਤੇ ਹਮ ਵਿਚਾਰ ਨਾਲ ਹੀ ਬਣਦੀ ਹੈ, ਆਚਰਣ ਅਤੇ ਸੁਭਾਵ ਵਿੱਚ ਇਕਸੁਰਤਾ ਹੀ ਮਿਤ੍ਰਤਾਈ ਦਾ ਰੂਪ ਧਾਰਦੀ ਹੈ। ਪ੍ਰਮੇਸ਼ਰ ਵਾਲੇ ਗੁਣਾਂ ਦਾ ਧਾਰਨੀ ਬਣਾਂਗੇ ਤਦ ਹੀ ਉਸ ਨਾਲ ਮਿਤ੍ਰਤਾਈ ਬਣ ਸਕਣੀ ਹੈ। ਸਿਰਜਣਹਾਰ ਵਾਹਿਗੁਰੂ ਜੀ ਨੂੰ ਮਿੱਤਰ ਬਣਾਉਣ ਲਈ ਉਸੇ ਵਰਗੇ ਨਿਆਰੇ ਗੁਣਾਂ ਦੀ ਲੋੜ ਹੋਇਆ ਕਰਦੀ ਹੈ ਭਾਵ **"ਗੁਣ ਕਹਿ ਗੁਣੀ ਸਮਾਉਣ"** ਦੀ ਸ਼ਰਤ ਪਹਿਲਾਂ ਹੈ। ਫਿਰ ਕਿਸੇ ਸੁਆਰਥ ਜਾਂ ਲਾਲਚ ਦੀ ਗੱਲ ਹੈ। ਇਹ ਵੀ ਨਾ ਭੁੱਲੀਏ ਕਿ ਉਸੇ ਪੰਗਤੀ ਵਿੱਚ ਰੱਬ ਜੀ ਆਪਣੇ ਮਿੱਤਰ ਨੂੰ ਵਿਕਾਰਾਂ ਤੋਂ ਮੁਕਤੀ ਪ੍ਰਦਾਨ ਕਰ ਰਹੇ ਹਨ ਭਾਵ ਆਪਣੇ ਮਿੱਤਰ ਨੂੰ ਵਾਸਨਾ ਰਹਿਤ ਕਰ ਰਹੇ ਹਨ, **"ਫਰੀਦਾ ਜਾ ਲਬੁ ਤਾਂ ਨਿਹੁ ਕਿਆ"** ਵਾਲੇ ਗੁਰਮਤਿ ਸਿਧਾਂਤ ਦੀ ਖੰਡਨਾ ਕਿਵੇਂ ਹੋ ਸਕਦੀ ਹੈ?

ਇਹ ਨਾ ਭੁੱਲੀਏ ਕਿ ਕਿਸੇ ਦਾ ਨਾਮ ਲੈਂਦੇ ਰਹਿਣ ਦੀ ਤਾਂਘ ਕੇਵਲ ਅੰਦਰ ਵਸੇ ਸੱਚੇ ਪਿਆਰ, ਇਸ਼ਕ ਜਾਂ ਮੁਹੱਬਤ ਤੋਂ ਹੀ ਉਪਜਦੀ ਹੈ।

– ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ॥ ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥
ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥ ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥ (੭੬੧)

ਦਰਸ਼ਨ, ਦਰਸ ਅਥਵਾ ਮਿਲਾਪ

ਮਹਾਨਕੋਸ਼ ਵਿੱਚ ਦਰਸ਼ਨ ਲਫ਼ਜ਼ ਦੇ ਅਰਥ ਕੁਝ ਇਸ ਤਰ੍ਹਾਂ ਮਿਲਦੇ ਹਨ:

੧. ਸੰਗਿਆ – ਦੇਖਣ ਦਾ ਸਾਧਨ, ਨੇਤਰ

੨. ਦੀਦਾਰ – ਦਰਸਨ ਕਉ ਲੋਚੈ ਸਭ ਕੋਈ॥

ਕਾਵਿ ਗ੍ਰੰਥਾਂ ਵਿੱਚ ਦਰਸ਼ਨ ਚਾਰ ਪ੍ਰਕਾਰ ਦੇ ਲਿਖੇ ਗਏ ਹਨ

੧. ਸ੍ਰਵਣ ਦਰਸ਼ਨ – ਪ੍ਰੀਤਮ ਦਾ ਗੁਣ ਰੂਪ ਸੁਣ ਕੇ ਉਸ ਦਾ ਰਿਦੇ ਵਿੱਚ ਸਾਖਸ਼ਾਤ ਕਰਨਾ

– ਸੁਣਿਐ ਲਾਗੈ ਸਹਜਿ ਧਿਆਨੁ॥ (੩)

– ਸੁਣਿ ਸੁਣਿ ਜੀਵਾ ਸੋਇ ਤੁਮਾਰੀ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ॥ (੧੦੪)

੨. ਚਿਤ੍ਰ ਦਰਸ਼ਨ – ਪ੍ਰੀਤਮ ਦੀ ਮੂਰਤਿ ਦਾ ਦੀਦਾਰ

– ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ (੯੬੪)

੩. ਸੁਪਨ ਦਰਸ਼ਨ – ਪਿਆਰੇ ਨੂੰ ਸੁਪਨੇ ਵਿੱਚ ਦੇਖਣਾ

– ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥ (੨੪੯)

੪. (ੳ) ਪ੍ਰਤੱਖ ਦਰਸ਼ਨ, ਪ੍ਰੇਮੀ ਦਾ ਸਾਖਸ਼ਾਤ ਦੀਦਾਰ ਕਰਨਾ

(ਅ) ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥ (੮੭)

(ੲ) ਸ਼ੀਸ਼ ਦਰਪਣ **(ਸ) ਧਰਮ ਦਿਖਾਉਣ ਵਾਲਾ ਗ੍ਰੰਥ "ਖਟ ਦਰਸਨ ਵਰਤੈ ਵਰਤਾਰਾ॥ ਗੁਰ ਕਾ ਦਰਸ਼ਨ ਅਗਮ ਅਪਾਰਾ॥" "ਦਰਸਨ ਛੋਡਿ ਭਏ ਸਮਦਰਸੀ"** ਖਟ ਦਰਸ਼ਨਾਂ ਦਾ ਪੱਖ ਤਿਆਗ ਕੇ ਸਭ ਦਰਸ਼ਨਾਂ ਵਿੱਚ ਸਮਾਨਤਾ ਰੱਖਣ ਵਾਲੇ ਹੋ ਗਏ। **(ਹ) ਛੀ ਸੰਗਯਾ ਬੋਧਕ** ਕਿਉਂਕਿ ਦਰਸ਼ਨ ਛੀ ਹਨ। **(ਕ) ਧਰਮ ਮਜਹਬ – "ਇਕਨਾ ਦਰਸ਼ਨ ਕੀ ਪਰਤੀਤਿ ਨ ਆਈਆ॥"**

ਗੁਰਮਤਿ ਅਨੁਸਾਰ ਅਕਾਲ ਪੁਰਖ ਦੇ ਦਰਸ਼ਨ

ਗੁਰਬਾਣੀ ਵਿੱਚ ਪ੍ਰਭੂ ਦਰਸ਼ਨਾਂ ਵਾਲੇ ਵਿਸ਼ੇ ਤੇ ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਪਰਮ ਸ਼ਕਤੀ ਅਦ੍ਰਿਸ਼ਟ ਅਤੇ ਆਕਾਰ ਰਹਿਤ ਪ੍ਰਮਾਤਮਾ ਨੂੰ ਅੱਜ ਤੱਕ ਸਾਖ਼ਸ਼ਾਤ ਪ੍ਰਗਟ ਹੋ ਕੇ ਵਿਚਰਦਾ ਕਦੇ ਕਿਸੇ ਨੇ ਨਹੀਂ ਵੇਖਿਆ। ਜਿਸ ਪ੍ਰਮਾਤਮਾ ਨੂੰ ਗੁਰਬਾਣੀ ਵਿੱਚ **"ਤੁਧੁ ਰੂਪੁ ਨ ਰੇਖਿਆ ਜਾਤਿ ਤੂੰ ਵਰਨਾ ਬਾਹਰਾ"** ਲਿਖਿਆ ਹੈ, ਕਿਸੇ ਉਚੇਚੇ ਨਿੱਜੀ ਰੂਪ ਵਿੱਚ ਉਸ ਪ੍ਰਭੂ ਦੇ ਸਾਖ਼ਸ਼ਾਤ ਦਰਸ਼ਨ ਅਸੰਭਵ ਹਨ। ਇਹ ਕਹਾਣੀ ਕਿ ਰੱਬ ਨੇ ਕ੍ਰਿਸ਼ਨ ਰੂਪ ਵਿੱਚ ਪ੍ਰਗਟ ਹੋ ਕੇ ਧੰਨੇ ਭਗਤ ਦੇ ਖੂਹ ਤੇ ਪੁੱਜ ਕੇ ਕਿਆਰੇ ਮੋੜਨ ਦੀ ਸੇਵਾ ਨਿਭਾਈ ਸੀ ਸਰਾਸਰ ਮਨਘੜ੍ਹਤ ਗੱਪ ਹੈ। ਅਜੇਹੇ ਸਾਖ਼ਸ਼ਾਤ ਦਰਸ਼ਨ ਅੱਜ ਤੱਕ ਕਿਸੇ ਨੂੰ ਨਹੀਂ ਹੋਏ। ਐਸੀਆਂ ਝੂਠ ਕਹਾਣੀਆਂ ਠੱਗ ਧਾਰਮਿਕ ਆਗੂਆਂ ਦਾ ਮਾਇਆ ਜਾਲ ਹੈ। ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਫੁਰਮਾਨ ਹੈ:

– ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ॥
ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ॥
ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ॥
ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ॥
ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ॥ (੧੨੩੯)

ਇਸੇ ਤਰ੍ਹਾਂ ਭਗਤ ਕਬੀਰ ਜੀ ਦਾ ਫੁਰਮਾਨ ਵੀ ਇੰਜ ਹੈ:

– ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ॥ (੧੧੦੪)

ਹੇ ਬੈਰਾਗੀ! ਕੇਵਲ ਅਨੁਭਵ ਵਿਚ ਆ ਸਕਣ ਵਾਲਾ ਸਿਰਜਣਹਾਰ ਇੰਨ੍ਹਾਂ ਬਾਹਰੀ ਅੱਖਾਂ ਨਾਲ ਕਦੇ ਕਿਸੇ ਨੇ ਨਹੀਂ ਵੇਖਿਆ। ਫਿਰ ਉਸ ਪ੍ਰਭੂ ਦੇ ਦਰਸ਼ਨਾਂ ਦੀ ਗੱਲ ਕਰਨੀ? ਉਹ ਵੀ ਇੰਨ੍ਹਾਂ ਨੇਤਰਾਂ ਨਾਲ ਵੇਖਣ ਦੀ ਲੋਚਨਾ?

– ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ॥ (੭੧੧)

– ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥ (੭੯੬)

– ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ ਬਿਨੁ ਦੇਖੇ ਮਰਹਿ ਮੇਰੀ ਮਾਇਆ॥ (੯੯੨)

– ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ (੧੦੯੪)

– ਦਰਸਨੁ ਮਾਗਉ ਦੇਹਿ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥ (੩੯੬)

ਪ੍ਰਭੂ ਨੂੰ ਵੇਖਣ ਦੀ ਆਸ ਦੀ ਹੀ ਕੇਵਲ ਗੱਲ ਨਹੀਂ ਹੈ ਸਗੋਂ ਗੁਰਬਾਣੀ ਵਿੱਚ ਤਾਂ ਇਹ ਵੀ ਲਿਖਿਆ ਹੈ ਕਿ ਪ੍ਰਹਲਾਦ ਭਗਤ ਦੀ ਰੱਖਿਆ ਲਈ ਪ੍ਰਭੂ ਨਰਸਿੰਘ ਰੂਪ ਵਿੱਚ ਥੰਮ ਪਾੜ ਕੇ ਪ੍ਰਗਟ ਹੋਇਆ ਅਤੇ ਉਸਨੇ ਹਰਨਾਕਸ਼ ਨੂੰ ਆਪਣੇ ਪੱਟਾਂ ਤੇ ਰੱਖਕੇ ਉਸ ਦਾ ਪੇਟ ਆਪਣੀਆਂ ਤਿੱਖੀਆਂ ਨਹੁੰਦਰਾਂ ਨਾਲ ਪਾੜ ਦਿੱਤਾ ਅਤੇ ਹੰਕਾਰੀ ਦੈਂਤ ਨੂੰ ਮਾਰ ਖਪਾਇਆ।

– ਥੰਮੁ ਉਪਾੜਿ ਹਰਿ ਆਪੁ ਦਿਖਾਇਆ॥ ਅਹੰਕਾਰੀ ਦੈਤੁ ਮਾਰਿ ਪਚਾਇਆ॥ (੧੧੫੪)

ਏਥੇ ਹੀ ਬਸ ਨਹੀਂ ਸਗੋਂ ਗੁਰਬਾਣੀ ਵਿੱਚ ਇਉਂ ਵੀ ਲਿਖਿਆ ਹੈ:

– ਪਾਖੰਤਣ ਬਾਜ ਬਜਾਇਲਾ॥ ਗਰੁੜ ਚੜੇ ਗੋਬਿੰਦ ਆਇਲਾ॥ (੧੧੬੬)

– ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ (੧੪੨੯)

– ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥ (੨੧੯)

– ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥ (੮੩੦)

ਪੁਰਾਣਿਕ ਗਾਥਾ ਅਨੁਸਾਰ ਕਿਸੇ ਤਾਮਸੀ ਰਿਖੀ ਦੇ ਸਰਾਪ ਕਾਰਨ ਇੱਕ ਗੰਧਰਬ ਹਾਥੀ ਬਣ ਗਿਆ। ਜਦ ਉਹ ਗੰਧਰਬ ਹਾਥੀ ਆਪਣੀਆਂ ਹਥਨੀਆਂ ਸਮੇਤ ਸਰੋਵਰ ਵਿੱਚ ਇਸ਼ਨਾਨ ਕਰਨ ਗਿਆ ਤਾਂ ਉਸ ਨੂੰ ਗ੍ਰਾਹ ਨੇ ਫੜ ਲਿਆ। ਹਾਥੀ ਨੇ ਭਗਵਾਨ ਨੂੰ ਯਾਦ ਕੀਤਾ ਤਾਂ ਭਗਵਾਨ ਗਰੁੜ ਤੇ ਸਵਾਰ ਹੋ ਕੇ ਝਟ ਪਹੁੰਚ ਗਿਆ। ਸੁਦਰਸ਼ਨ ਚੱਕਰ ਨਾਲ ਗ੍ਰਾਹ ਭਾਵ ਤੰਦੂਏ ਦੀਆਂ ਤਾਰਾਂ ਕੱਟ ਕੇ ਹਾਥੀ ਨੂੰ ਬਚਾਇਆ। ਇਸ ਤਰ੍ਹਾਂ ਭਗਵਾਨ ਦੇ ਸਾਖ਼ਸ਼ਾਤ ਦਰਸ਼ਨਾਂ ਦੀ ਗੱਲ ਬੜੀ ਪ੍ਰਚੱਲਤ ਹੈ।

ਗੁਰੂ ਦੇ ਦਰਸ਼ਨ

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸੋਂ ਪਾਤਸ਼ਾਹੀਆਂ ਪੰਜ ਭੂਤਕ ਸਰੀਰ ਵਿੱਚ ਵਿਚਰਦੇ ਰਹਿਣ ਦੇ ਸਮੇਂ ਨਾਲ ਜੁੜੀਆਂ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਆਧਾਰ 'ਤੇ ਕਈ ਅਜਿਹੀਆਂ ਸਾਖੀਆਂ ਪ੍ਰਚਲਤ ਹਨ ਜਿੰਨ੍ਹਾਂ ਤੋਂ ਇਹ ਭਰੋਸਾ ਬੱਝਦਾ ਹੈ ਕਿ ਜਦੋਂ ਵੀ ਕਿਸੇ ਗੁਰਸਿੱਖ ਨੇ ਸ਼ਰਧਾ ਨਾਲ ਸਤਿਗੁਰਾਂ ਨੂੰ ਯਾਦ ਕੀਤਾ, ਸਤਿਗੁਰ ਭਾਵੇਂ ਕਿੱਡੀ ਦੂਰ ਵੀ ਸਨ, ਉਹ ਝੱਟ ਆਪਣੇ ਪਿਆਰੇ ਕੋਲ ਜਾ ਪੁੱਜਦੇ ਸਨ। ਉਨ੍ਹਾਂ ਪ੍ਰਚੱਲਤ ਸਾਖੀਆਂ ਦੀ ਅਸਲੀਅਤ ਪਰਖਣਾ ਵਿਸ਼ਾ ਨਹੀਂ, ਅਸਾਂ ਗੁਰੂ ਸਾਹਿਬ ਦੇ ਪਾਵਨ ਦਰਸ਼ਨਾਂ ਬਾਰੇ ਗੁਰੂ ਫੁਰਮਾਨਾਂ ਦੀ ਅਸਲ ਭਾਵਨਾ ਨੂੰ ਸਮਝਣ ਦਾ ਯਤਨ ਕਰਨਾ ਹੈ। ਸਤਿਗੁਰਾਂ ਦਾ ਫੁਰਮਾਨ ਹੈ:

– ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (੫੯੪)

ਸਾਡਾ ਧਿਆਨ ਝਟਪਟ ਗੁਰਬਾਣੀ ਦੀ ਉਸ ਪੰਗਤੀ ਵੱਲ ਚਲਾ ਜਾਵੇਗਾ ਜਿਹੜੀ ਸਤਿਗੁਰਾਂ ਦਾ ਮੁੱਖਵਾਕ ਲੈਣ ਸਮੇਂ ਪੜ੍ਹਨ ਦੀ ਮਰਿਯਾਦਾ ਬਣ ਚੁੱਕੀ ਹੈ, **"ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥"** ਇਸ ਤੁਕ ਵਿਚਲੇ **'ਡਿਠੈ'** ਅਤੇ **'ਵੇਖਦਾ'** ਦੋਹਾਂ ਪਦਾਂ ਦੇ ਅਰਥ ਜੇ ਗੁਰੂ ਸਰੂਪ ਦੇ ਬਾਹਰੀ ਦਰਸ਼ਨ ਦੀਦਾਰੇ ਹੀ ਸਮਝ ਲਈਏ ਤਾਂ ਸਾਡੇ ਚੰਚਲ, ਅਮੋੜ ਅਤੇ ਮੂੜ੍ਹ ਮਨ ਨੂੰ ਇਹ ਦੁਬਿਧਾ ਨੱਪ ਖਲੋਵੇਗੀ:

– ਕੀ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਵਿਚਾਰਾਂ ਦੀ ਭੇੜ ਹੈ?

– ਕੀ ਸਤਿਗੁਰਾਂ ਨੇ ਆਪਣੇ ਵਿਚਾਰ ਆਪ ਹੀ ਰੱਦ ਕਰ ਦਿੱਤੇ?

– ਇੱਕ ਥਾਂ ਲਿਖਿਆ ਹੈ ਕਿ ਸਤਿਗੁਰਾਂ ਨੂੰ ਡਿਠਿਆਂ ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ ਅਰਥਾਤ ਕੇਵਲ ਦਰਸ਼ਨਾਂ ਨਾਲ ਮਨੁੱਖ ਦਾ ਨਾ ਹਲਤ ਤੇ ਨਾ ਹੀ ਪਲਤ ਸੰਵਰਦਾ ਹੈ, ਭਾਵ ਸਤਿਗੁਰਾਂ ਨੂੰ ਕੇਵਲ ਅੱਖੀਆਂ ਨਾਲ ਵੇਖਣ ਮਾਤਰ ਨਿਸਫ਼ਲ?

– ਪਰ ਦੂਜੀ ਥਾਂ ਸੱਚੇ ਪਾਤਸ਼ਾਹ ਸਤਿਗੁਰੂ (ਅੰਗਦ ਦੇਵ ਜੀ) ਨੂੰ ਕੇਵਲ ਵੇਖਣ ਨਾਲ ਹੀ ਜਨਮਾਂ ਜਨਮਾਂਤ੍ਰਾਂ ਦੀ ਮੈਲ ਕੱਟੀ ਜਾਣ ਦਾ ਵਿਸ਼ਵਾਸ?

ਇਸ ਉਲਝਣ ਦੀ ਅਸਲੀਅਤ ਲਈ ਆਉ ਉਪਰੋਕਤ ਤੁਕਾਂ ਵਾਲੇ ਦੋਹਾਂ ਹੀ ਪੂਰੇ ਗੁਰੂ ਫੁਰਮਾਨਾਂ ਦੀ ਇਕਾਗਰਤਾ ਸਹਿਤ ਵਿਚਾਰ ਕਰਕੇ ਅਸਲ ਭੇਦ ਨੂੰ ਸਮਝਣ ਦਾ ਯਤਨ ਕਰੀਏ:

– ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥ ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ॥ (੫੯੪)

ਇਸ ਸ਼ਬਦ ਦੇ ਅਰਥ ਪ੍ਰਿੰ: ਸਾਹਿਬ ਸਿੰਘ ਜੀ ਨੇ ਇੰਜ ਕੀਤੇ ਹਨ:

ਜਿਤਨਾ ਇਹ ਸਾਰਾ ਸੰਸਾਰ ਹੈ ਇਸ ਵਿੱਚ ਹਰੇਕ ਜੀਵ ਸਤਿਗੁਰੂ ਦੇ ਦਰਸ਼ਨ ਕਰਦਾ ਹੈ ਪਰ ਨਿਰਾ ਦਰਸ਼ਨ ਕੀਤਿਆਂ ਮੁਕਤੀ ਨਹੀਂ ਮਿਲਦੀ ਜਦ ਤਾਂਈਂ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਉਸ ਅਨੁਸਾਰ ਆਪਣਾ ਜੀਵਨ ਨਹੀਂ ਢਾਲਦਾ ਕਿਉਂਕਿ ਅਜਿਹਾ ਉੱਦਮ ਕੀਤੇ ਬਿਨਾਂ ਅਹੰਕਾਰ ਰੂਪੀ ਮਨ ਦੀ ਮੈਲ੍ਹ ਨਹੀਂ ਉਤਰਦੀ ਤੇ ਨਾਮ ਵਿੱਚ ਪਿਆਰ ਨਹੀਂ ਬਣਦਾ। ਕਈ ਮਨੁੱਖਾਂ ਨੂੰ ਪ੍ਰਭੂ ਨੇ ਆਪ ਹੀ ਮਿਹਰ ਕਰਕੇ ਮਿਲਾ ਲਿਆ ਹੈ ਜਿੰਨ੍ਹਾਂ ਨੇ ਮੇਰ ਤੇਰ ਤੇ ਵਿਕਾਰ ਛੱਡੇ ਹਨ। ਹੇ ਨਾਨਕ! ਕਈ ਮਨੁੱਖ ਸਤਿਗੁਰਾਂ ਦਾ ਦਰਸ਼ਨ ਕਰਕੇ ਸਤਿਗੁਰਾਂ ਦੇ ਪਿਆਰ ਆਸਰੇ ਭਾਵ ਆਪਾ ਭਾਵ ਗੁਆ ਕੇ ਹਰੀ ਵਿੱਚ ਮਿਲ ਗਏ ਹਨ।

ਸੋ ਸਪੱਸ਼ਟ ਹੈ ਕਿ ਸਤਿਗੁਰਾਂ ਦੇ ਸਰੀਰਕ ਦਰਸ਼ਨਾਂ ਨਾਲ ਕੋਈ ਲਾਭ ਨਹੀਂ ਸੀ ਹੋ ਸਕਦਾ। ਕੇਵਲ ਦਰਸ਼ਨਾਂ ਦੀ ਗੱਲ ਤਾਂ ਦੂਰ ਰਹੀ, ਪੰਚਮ ਪਾਤਿਸ਼ਾਹ ਨੂੰ ਕਈ ਦਿਨ ਅੱਗ ਅਤੇ ਪਾਣੀ ਦੇ ਤਸੀਹੇ ਦੇਣ ਵਾਲਾ ਜਲ੍ਹਾਦ ਤਾਂ ਸਤਿਗੁਰਾਂ ਨਾਲ ਗੱਲਾਂ ਵੀ ਕਰਦਾ ਸੀ। ਫਿਰ ਅਨੇਕ ਸਮਿਆਂ ਤੇ ਸਤਿਗੁਰਾਂ ਦੀ ਜਾਨ ਦੇ ਵੈਰੀ ਬਣ ਕੇ ਆਏ ਜਰਵਾਣੇ ਸਤਿਗੁਰਾਂ ਨਾਲ ਬਚਨ ਕਰਦੇ ਹੋਏ ਵੀ ਜਾਨਲੇਵਾ ਵਾਰ ਕਰਨੋਂ ਨਹੀਂ ਸਨ ਟਲਿਆ ਕਰਦੇ ਅਤੇ ਨਾ ਚਾਹੁੰਦੇ ਹੋਏ ਵੀ ਸਤਿਗੁਰਾਂ ਨੇ ਆਪਣੀ ਰੱਖਿਆ ਵਿੱਚ ਜੁਆਬੀ ਵਾਰ ਕੀਤਾ ਜਿਸ ਤੋਂ ਵੈਰੀ ਪ੍ਰਲੋਕ ਸਿਧਾਰਦੇ ਰਹੇ। ਪੈਂਡੇ ਖ਼ਾਨ ਤਾਂ ਪਾਲਿਆ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਸੀ। ਉਹ ਵੀ ਸਤਿਗੁਰਾਂ ਦੀ ਜਾਨ ਦਾ ਵੈਰੀ ਬਣ ਆਇਆ ਸੀ। ਨੰਦੇੜ ਵਿਖੇ ਜਿੰਨ੍ਹਾਂ ਦੋ ਪਠਾਣਾਂ ਨੇ ਦਸ਼ਮੇਸ਼ ਜੀ ਤੇ ਵਾਰ ਕੀਤਾ ਸੀ ਉਹ ਵੀ ਕਈ ਮਹੀਨਿਆਂ ਤੋਂ ਸਤਿਗੁਰਾਂ ਦੀ ਸੇਵਾ ਵਿੱਚ ਰਹਿ ਰਹੇ ਸਨ ਅਤੇ ਰੋਜ਼ ਗੁਰੂ ਉਪਦੇਸ਼ ਵੀ ਸੁਣਦੇ ਰਹਿ ਕੇ ਭਰੋਸਾ ਜਿੱਤਦੇ ਰਹੇ, ਪਰ ਸਮਾਂ ਮਿਲਦਿਆਂ ਹੀ ਉਨ੍ਹਾਂ ਸਤਿਗੁਰਾਂ ਤੇ

ਜਾਨਲੇਵਾ ਹਮਲਾ ਕਰ ਦਿੱਤਾ ਸੀ। ਸਪੱਸ਼ਟ ਹੈ ਕਿ ਸਤਿਗੁਰਾਂ ਦੀ ਸਿੱਖਿਆ ਤੇ ਅਮਲ ਕਰਨ ਨਾਲ ਹੀ ਗੁਰਸਿੱਖਾਂ ਨੂੰ ਉੱਚੀ ਆਤਮਿਕ ਅਵਸਥਾ ਵਾਲਾ ਅਨਮੋਲ ਫ਼ਲ ਮਿਲਦਾ ਆ ਰਿਹਾ ਹੈ। ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰੀ ਸਰੂਪ ਦੇ ਦਰਸ਼ਨਾਂ ਦਾ ਕੋਈ ਲਾਭ ਨਹੀਂ ਜਿੰਨ੍ਹਾਂ ਚਿਰ ਅਸੀਂ ਸ਼ਬਦ ਵਿਚਾਰ ਤੋਂ ਮਿਲਦੀ ਸੇਧ ਅਨੁਸਾਰ ਜੀਵਨ ਨਹੀਂ ਢਾਲਦੇ।

ਦਰਸ਼ਨਾਂ ਦਾ ਇੱਕ ਹੋਰ ਪੱਖ

ਸਾਡੀ ਸਮੱਸਿਆ ਇਹ ਹੈ ਕਿ ਅਸੀਂ ਪੂਰੇ ਗੁਰੂ ਫੁਰਮਾਨ ਦੀ ਸਮੁੱਚੀ ਵਿਚਾਰ ਦੁਆਰਾ ਗੁਰੂ ਫੁਰਮਾਨਾਂ ਦੇ ਸ਼ੁੱਧ ਅਤੇ ਅੰਤ੍ਰੀਵੀ ਭਾਵ ਨੂੰ ਸਮਝਣ ਦਾ ਯਤਨ ਬੜਾ ਘੱਟ ਕਰਦੇ ਹਾਂ। ਉਪ੍ਰੋਕਤ ਪੰਗਤੀ ਰਾਮਕਲੀ ਕੀ ਵਾਰ ਦੀ ਦੂਜੀ ਪਉੜੀ ਵਿੱਚੋਂ ਹੈ। ਪੂਰੀ ਪਉੜੀ ਇਸ ਤਰ੍ਹਾਂ ਹੈ:

– ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
ਝੁਲੈ ਸੁ ਛਤ੍ਰ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥ ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥ ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥ ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥ ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ ਭਾਰੁ ਉਚਾਇਨ੍ਹਿ ਛਟੀਐ॥ ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥
ਕਉਣੁ ਹਾਰੇ ਕਿਨਿ ਉਵਟੀਐ॥ (੯੬੬)

ਅਰਥ ਇਹ ਹਨ ਕਿ ਬਾਬਾ ਲਹਿਣਾ ਜੀ ਦੇ ਸਿਰ ਉੱਪਰ ਸੁੰਦਰ ਰੱਬੀ ਛੱਤਰ ਝੁੱਲ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਹੱਟੀ ਵਿੱਚੋਂ ਬਾਬਾ ਲਹਿਣਾ ਜੀ ਗੁਰੂ ਨਾਨਕ ਸਾਹਿਬ ਪਾਸੋਂ ਨਾਮ ਪਦਾਰਥ ਲੈ ਕੇ ਵੰਡਣ ਲਈ ਗੱਦੀ ਮੱਲ ਕੇ ਬੈਠੇ ਹਨ। ਬਾਬਾ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੇ ਫੁਰਮਾਏ ਹੋਏ ਹੁਕਮ ਨੂੰ ਪਾਲ ਰਹੇ ਹਨ, **"ਹੁਕਮ ਪਾਲਣ"** ਰੂਪ ਜੋਗ ਦੀ ਕਮਾਈ ਅਲੂਣੀ ਸਿਲ੍ਹ ਚੱਟਣ ਵਾਂਗ ਬੜੀ ਕਰੜੀ ਕਾਰ ਹੈ। ਬਾਬਾ ਲਹਿਣਾ ਜੀ ਅਕਾਲ ਪੁਰਖ ਦੀ ਦਿੱਤੀ ਹੋਈ ਨਾਮਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ ਤੇ ਹੋਰਨਾਂ ਨੂੰ ਵੀ ਦਾਨ ਕਰ ਰਹੇ ਹਨ। ਗੁਰੂ ਨਾਨਕ ਜੀ ਦੀ ਹੱਟੀ ਵਿੱਚ ਗੁਰੂ ਦੇ ਸ਼ਬਦ ਰਾਹੀਂ ਨਾਮ ਦਾ ਲੰਗਰ ਚੱਲ ਰਿਹਾ ਹੈ ਪਰ ਬਾਬਾ ਲਹਿਣਾ ਜੀ ਦੀ ਨਾਮ ਕਮਾਈ ਵਿੱਚ ਕੋਈ ਘਾਟਾ ਨਹੀਂ ਪੈਂਦਾ।

ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿੱਚ ਮਾਲਕ ਅਕਾਲ ਪੁਰਖ ਦੀ ਸਿਫਤਿ ਸਲਾਹ ਹੋ ਰਹੀ ਹੈ, ਰੂਹਾਨੀ ਦੇਸ਼ਾਂ ਤੋਂ ਉਸ ਦਰ ਤੇ ਨੂਰ ਝੜ ਰਿਹਾ ਹੈ। ਹੇ ਸੱਚੇ ਸਤਿਗੁਰੂ ਅੰਗਦ ਸਾਹਿਬ ਜੀ ਤੇਰਾ ਦੀਦਾਰ ਕੀਤਿਆਂ ਕਈ ਜਨਮਾਂ ਦੇ ਵਿਕਾਰਾਂ ਦੀ ਮੈਲ੍ਹ ਕੱਟੀ ਜਾਂਦੀ ਹੈ। ਕਿਉਂਕਿ ਹੇ ਗੁਰੂ ਅੰਗਦ ਜੀ, ਗੁਰੂ ਨਾਨਕ ਸਾਹਿਬ ਨੇ ਜੋ ਹੁਕਮ ਕੀਤਾ, ਆਪ ਨੇ ਸੱਚ ਕਰਕੇ ਮੰਨਿਆ, ਉਸਦੇ ਮੰਨਣ ਤੋਂ ਨਾਂਹ ਨਹੀਂ ਕੀਤੀ ਜਦਕਿ ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਬਚਨ ਨਾ ਮੰਨਿਆ ਅਤੇ ਗੁਰੂ ਵੱਲ ਪਿੱਠ ਦੇ ਕੇ ਹੁਕਮ ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਕਾਰਨ ਗੁਰੂ ਵੱਲੋਂ ਆਕੀ ਹੋਏ ਫਿਰਦੇ ਹਨ ਉਹ ਲੋਕ ਦੁਨੀਆਂ ਦੇ ਧੰਧਿਆਂ ਦੀ ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ। ਪਰ ਜੀਵਾਂ ਦੇ ਕੀ ਵੱਸ ਹੈ? ਆਪਣੀ ਸਮਰੱਥਾ ਆਸਰੇ ਇਸ ਹੁਕਮ ਦੀ ਖੇਡ ਵਿੱਚ ਨਾ ਕੋਈ ਹਾਰਨ ਵਾਲਾ ਹੈ ਤੇ ਨਾ ਕੋਈ ਜਿੱਤਣ ਯੋਗ ਹੈ। ਜਿਸ ਗੁਰੂ ਨਾਨਕ ਨੇ ਇਹ ਰਜ਼ਾ ਮੰਨਣ ਦਾ ਹੁਕਮ ਫੁਰਮਾਇਆ ਉਹ ਆਪ ਹੀ ਕਾਰ ਕਰਨ ਵਾਲਾ ਸੀ, ਜਿਸ ਨੇ ਇਹ ਹੁਕਮ ਖੇਡ ਰਚੀ ਉਸਨੇ ਆਪ ਹੀ ਬਾਬਾ ਲਹਿਣਾ ਜੀ ਨੂੰ ਹੁਕਮ ਮੰਨਣ ਦੇ ਸਮਰੱਥ ਬਣਾਇਆ।

ਦੋਹੀਂ ਥਾਈਂ ਆਪਾ ਭਾਵ ਗੁਆ ਕੇ ਹੁਕਮ ਮੰਨਣ ਦੀ ਸਿੱਖਿਆ ਹੈ। ਕੇਵਲ ਬਾਹਰੀ ਦਰਸ਼ਨਾਂ ਦੀ ਗੱਲ ਨਹੀਂ ਹੈ। ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਾਉਣ ਸਮੇਂ ਉਨ੍ਹਾਂ ਦੇ ਹੁਕਮ ਮੰਨਣ ਵਾਲੇ ਗੁਣ ਅਤੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਬੇਟਿਆਂ ਦੇ ਆਕੀ ਹੋਏ ਫਿਰਨ ਵਾਲੇ ਅਵਗੁਣ ਦਾ ਚੇਤਾ ਵੀ ਨਾਲ ਹੀ ਕਰਾਇਆ ਹੋਇਆ ਹੈ। ਅਸਲ ਸਿੱਖਿਆ ਹੁਕਮ ਅਨੁਸਾਰ ਜੀਵਨ ਜੁਗਤ ਸੁਧਾਰ ਲੈਣ ਦੀ ਹੀ ਹੈ। ਜੇ ਕੇਵਲ ਬਾਹਰੀ ਨੇਤਰਾਂ ਨਾਲ ਦਰਸ਼ਨ ਦੀਦਾਰਿਆਂ ਦੀ ਗੱਲ ਹੋਵੇ ਤਾਂ ਨੇਤ੍ਰਹੀਣਾਂ ਦਾ ਕੀ ਬਣੇ? ਸੋ ਗੁਰਬਾਣੀ ਵਿੱਚ ਦਰਸ਼ਨ ਆਤਮਿਕ ਅੱਖਾਂ ਦੇ ਹਨ, ਹਿਰਦੇ ਵਿੱਚ ਪ੍ਰਗਟ

ਹੋਣ ਵਾਲ ਅਨੰਦਮਈ ਦਰਸ਼ਨਾਂ ਦੀ ਗੱਲ ਹੈ। ਗੁਰਮਤਿ ਕੇਵਲ ਮਨ ਅਥਵਾ ਆਤਮਾ ਦੇ ਰੋਗਾਂ ਦਾ ਦਾਰੂ ਹੈ। ਸਰੀਰਕ ਜਨਮ ਮਰਨ, ਦੁੱਖ ਸੁੱਖ ਸਭ ਅਬਿਨਾਸੀ ਸਿਰਜਣਹਾਰ ਦੇ ਅਟੱਲ ਹੁਕਮ ਵਿੱਚ **"ਹਰਿ ਕਾ ਕੀਆ"** ਹੈ। ਪਰ ਸਤਿਗੁਰਾਂ ਦੇ ਹੁਕਮਾਂ ਤੇ ਚਲਦਿਆਂ ਜੀਵਨ ਜੁਗਤਿ ਸੁਧਾਰਣ ਦੀ ਘਾਲਣਾ ਅਸਾਂ ਆਪ ਘਾਲਣੀ ਹੈ। ਦਰਸ਼ਨਾਂ ਪ੍ਰਥਾਇ ਸਤਿਗੁਰਾਂ ਦਾ ਪੂਰਾ ਸਿਧਾਂਤ ਸਮਝਣ ਲਈ ਗੁਰਬਾਣੀ ਵਿਚਾਰ ਨਾਲ ਜੁੜੀਏ।

ਦਰਸ਼ਨਾਂ ਦੀ ਸਿੱਕ

ਅਗਲੇ ਗੁਰੂ ਫੁਰਮਾਨਾਂ ਵਿੱਚ ਭਰਮ ਇਹੋ ਬਣਦਾ ਹੈ ਕਿ ਮੰਗ ਸਾਖਸ਼ਾਤ ਦਰਸ਼ਨਾਂ ਵਾਸਤੇ ਹੀ ਹੈ, ਪਰ:

– ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥ (੬੬੬)

ਅਕਸਰ ਵੇਖਣ ਨੂੰ ਮਿਲਦਾ ਹੈ ਕਿ ਡੇਰੇਦਾਰ, ਕਥਾਕਾਰ ਤੇ ਕਈ ਵਿਦਵਾਨ ਕੇਵਲ ਇੱਕ ਤੁਕ ਨਿਖੇੜ ਕੇ ਆਮ ਸ਼ਰਧਾਲੂਆਂ ਦੇ ਮਨਾਂ ਵਿੱਚ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੁਕ ਦਾ ਪ੍ਰਮਾਣ ਦੇ ਕੇ ਦਾਅਵੇ ਨਾਲ ਕਹਿੰਦੇ ਹਨ ਕਿ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕਿਉਂ ਨਹੀਂ ਹੋ ਸਕਦੇ? ਜੇ ਅਜਿਹਾ ਸੰਭਵ ਨਾ ਹੁੰਦਾ ਤਾਂ ਸਤਿਗੁਰ ਇਹ ਬਚਨ ਕਿਉਂ ਕਰਦੇ? ਸੰਗਤਾਂ ਨੂੰ ਕੁਰਾਹੇ ਪਾ ਕੇ ਲੁੱਟਣ ਦਾ ਕਿੱਤਾ ਸਾਂਭੀ ਬੈਠੇ ਠੱਗ, ਪੂਰੇ ਗੁਰੂ ਸ਼ਬਦ ਨਾਲ ਭਾਵ ਰਹਾਉ ਦੀ ਤੁਕ ਨਾਲ ਵਾਸਤਾ ਕਿਉਂ ਰੱਖਣ?

ਪੂਰਾ ਸ਼ਬਦ ਇੰਜ ਹੈ:

– ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥ ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ॥ ਰਹਾਉ॥
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥
ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ॥ (੬੬੬)

ਰਹਾਉ ਦੀ ਤੁਕ ਵਿੱਚ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਪ੍ਰਗਟ ਕੀਤੀ ਗਈ ਹੈ ਅਤੇ ਦੂਜੀ ਤੁਕ ਵਿੱਚ ਇੱਕੋ ਇੱਕ ਦਾਤਾਰ ਸਿਰਜਣਹਾਰ ਤੋਂ ਏਹ ਮੰਗ ਕੀਤੀ ਹੈ ਕਿ ਉਹ ਮਿਹਰਵਾਨ ਹੋ ਕੇ ਆਪਣੇ ਨਾਮ ਦੀ ਦਾਤ ਬਖਸ਼ਿਸ਼ ਕਰਕੇ ਸਾਨੂੰ ਆਪਣੇ ਪ੍ਰੇਮ ਰੰਗ ਵਿੱਚ ਰੰਗ ਲਵੇ। ਜਦ ਪ੍ਰਭੂ ਦੇ ਪ੍ਰੇਮ ਦੀ ਸੁਗਾਤ ਮਿਲ ਗਈ ਤਾਂ ਉਸ ਦੇ ਦਰਸ਼ਨਾਂ ਦੀ ਸਿੱਕ ਪੈਦਾ ਹੋਣੀ ਸੁਭਾਵਕ ਸੀ। ਮਾਨਸਿਕ ਕਮਜ਼ੋਰੀ ਦਾ ਜ਼ਿਕਰ ਕਰਦਿਆਂ ਦਰਸ਼ਨਾਂ ਦੀ ਮੰਗ ਕੀਤੀ ਕਿ ਸਾਨੂੰ ਮਾਇਆ ਵੇੜ੍ਹਿਆਂ ਨੂੰ ਹੁਣ ਤੱਕ ਜਨਮ ਮਰਨ ਦੇ ਅਨੇਕਾਂ ਗੇੜ ਪੈ ਚੁੱਕੇ ਹਨ, ਹੁਣ ਤਾਂ ਮੇਰੇ ਤੇ ਮਿਹਰ ਕਰ। ਹੇ ਪ੍ਰਭੂ! ਮੇਰੇ ਉੱਤੇ ਦਇਆਵਾਨ ਹੋ। ਮੇਰੇ ਉਤੇ ਇਹੋ ਜਿਹੀ ਬਖਸ਼ਿਸ਼ ਕਰ ਕਿ ਮੈਨੂੰ ਆਪਣਾ ਦੀਦਾਰ ਬਖਸ਼। ਫਿਰ ਤੀਸਰੀ ਤੁਕ ਵਿੱਚ ਪ੍ਰਭੂ ਦੇ ਅਸਲ ਟਿਕਾਣੇ ਦਾ ਪਤਾ ਲੱਗਦਾ ਹੈ ਅਤੇ ਉਸ ਨਾਲ ਸਦੀਵੀ ਗਲਵੱਕੜੀ ਪਈ ਪ੍ਰਤੱਖ ਦਿਸ ਪੈਂਦੀ ਹੈ, ਗੁਰੂ ਫੁਰਮਾਨ ਹੈ, ਹੇ ਭਾਈ! ਨਾਨਕ ਆਖਦਾ ਹੈ ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਦੇ ਭਰਮ ਦੇ ਪੜਦੇ ਖੁੱਲ੍ਹ ਜਾਂਦੇ ਹਨ ਉਸ ਦੀ ਪ੍ਰਮਾਤਮਾ ਨਾਲ ਡੂੰਘੀ ਸਾਂਝ ਬਣ ਜਾਂਦੀ ਹੈ। ਉਸ ਦੇ ਹਿਰਦੇ ਵਿੱਚ ਪ੍ਰਮਾਤਮਾ ਨਾਲ ਸਦਾ ਕਾਇਮ ਰਹਿਣ ਵਾਲੀ ਲਗਨ ਲੱਗ ਜਾਂਦੀ ਹੈ ਅਤੇ ਮਨ ਪਤੀਜ ਜਾਂਦਾ ਹੈ।

ਸਤਿਗੁਰਾਂ ਦਾ ਫੁਰਮਾਨ ਹੈ ਕਿ ਵਾਹਿਗੁਰੂ ਲਈ ਹਿਰਦੇ ਵਿੱਚ ਸੱਚੀ ਯਾਦ ਬਣ ਜਾਣੀ ਹੀ ਅਸਲੀ ਦਰਸ਼ਨ ਹਨ:

– ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥ ਛੰਤ॥
ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥ (੭੦੩)

"ਖੋਲਿ ਕਪਟ" ਪਦਾਂ ਦੇ ਠੀਕ ਅਰਥ ਨਾ ਸਮਝ ਕੇ ਬਹੁਤੇ ਗ੍ਰੰਥੀ ਸਿੰਘ ਸਤਿਗੁਰਾਂ ਦੇ ਉਪਰਲਾ ਰੁਮਾਲਾ ਐਨ ਉਨ੍ਹਾਂ ਸ਼ਬਦਾਂ ਦੇ ਉਚਰਨ ਸਮੇਂ ਹਟਾ ਰਹੇ ਹੁੰਦੇ ਹਨ। ਉਨ੍ਹਾਂ ਦੀ ਇਸ ਮਰਿਯਾਦਾ ਤੋਂ ਸੰਗਤ ਵਿੱਚੋਂ ਕਈ ਸਿੰਘ ਸਿੰਘਣੀਆਂ ਸਤਿਗੁਰਾਂ ਤੇ ਚੌਰ ਕਰਨ ਦੇ ਬਹਾਨੇ ਜਾਂ ਕਈ ਵਾਰ ਮੱਥਾ ਟੇਕ ਲੈਣ ਉਪਰੰਤ ਪਿਛਲੇ ਪਾਸੇ ਕੋਲ ਆ ਕੇ ਰੁਮਾਲਾ ਚੁੱਕ ਕੇ ਦਰਸ਼ਨ ਕਰ ਰਹੇ ਹੁੰਦੇ ਹਨ। ਇਹ ਵਿਅਰਥ ਦੀ ਮਨਮਤਿ ਸਾਨੂੰ ਸਤਿਗੁਰਾਂ ਤੋਂ ਸਗੋਂ ਹੋਰ ਵੀ ਦੂਰੇਡੇ ਲੈ ਜਾ ਰਹੀ ਹੁੰਦੀ ਹੈ। ਮਨੁੱਖਾ ਸਰੀਰ ਦੀਆਂ ਬਾਹਰੀ ਅੱਖਾਂ ਖੋਲ੍ਹਣ ਦੀ ਗੱਲ ਨਹੀਂ ਹੈ ਅਤੇ ਨਾ ਹੀ ਸਤਿਗੁਰੂ ਜੀ ਹੀ ਕਿਸੇ ਪਰਦੇ ਉਹਲੇ ਹੋ ਗਏ ਹੁੰਦੇ ਹਨ ਹਿਰਦੇ ਤੋਂ ਮਾਇਆ ਮੋਹ ਦਾ ਪਰਦਾ ਹਟਾਇਆ ਜਾਣ ਦੀ ਗੱਲ ਹੈ। ਕੂੜਿ ਦੀ ਪਾਲਿ ਤੋੜੀ ਜਾਣ ਦਾ ਜ਼ਿਕਰ ਹੈ।

– ਰੂੜੋ ਮਨੁ ਹਰਿ ਰੰਗੋ ਲੋੜੈ॥ ਗਾਲੀ ਹਰਿ ਨੀਹੁ ਨ ਹੋਇ॥ ਰਹਾਉ॥
ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ॥ ਗੁਰ ਮਿਲਿ ਭਰਮੁ ਗਵਾਇਆ ਹੇ॥
ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ॥
ਇਹ ਬਿਧਿ ਨਾਨਕ ਹਰਿ ਨੈਣ ਅਲੋਇ॥ (੭੧੫)

ਭਾਵ ਹਰਿ ਥਾਂ ਉਹ ਵਸਦਾ ਨਜ਼ਰੀਂ ਆ ਗਿਆ।

– ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥
ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥ (੭੬੪)

ਗੁਰਮਤਿ ਅਨੁਸਾਰ ਸਬਰ ਥਾਈਂ ਸਰਬੱਤ ਜੀਆਂ ਵਿੱਚ ਉਸ ਦੀ ਵਿਆਪਕਤਾ ਦੀ ਪਛਾਣ ਹੀ ਉਸ ਨਾਲ ਸੱਚਾ ਮਿਲਾਪ ਹੈ।

– ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ॥ ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ॥
ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ॥ ਸੀਲਵੰਤਿ ਪਰਧਾਨਿ ਰਿਦੈ ਸਚਾਵੀਆ॥
ਅੰਤਰਿ ਬਾਹਰਿ ਇਕੁ ਇਕ ਰੀਤਾਵੀਆ॥ ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ॥
ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ॥ ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ॥ (੯੬੪)

ਗੁਰਮੁਖਾਂ ਦੀ ਸੰਗਤਿ ਨਾਲ ਪਾਪਾਂ ਵੱਲ ਨੂੰ ਲੈ ਭੱਜਣ ਵਾਲੀ ਦੁਰਮਤਿ ਦੇ ਥਾਂ ਚੰਗੇ ਕੋਲ ਬੈਠ ਕੇ ਚੰਗੇ ਵਿਚਾਰਾਂ ਨਾਲ ਜੁੜਨ ਦੀ ਚਿਟਕ ਲੱਗ ਪਈ। ਪਾਪਾਂ ਦੀ ਮੈਲ ਧੋਤੀ ਗਈ, ਹਰ ਥਾਂ ਵੱਸਦੇ ਪ੍ਰਭੂ ਦੇ ਦੀਦਾਰੇ ਹੋਣ ਲੱਗ ਪਏ। ਬਸ ਏਹੀ ਹੈ ਪ੍ਰਭੂ ਦਾ ਮਿਲਾਪ। ਏਸੇ ਜੀਵਨ ਜੁਗਤਿ ਨੇ ਲੋਕ ਪ੍ਰਲੋਕ ਵਿੱਚ ਹਰ ਥਾਂ ਮਾਣ ਇੱਜ਼ਤ ਮਿਲਣ ਦਾ ਸਾਧਨ ਬਣਨਾ ਹੈ। ਗੁਰਸਿੱਖ ਦੇ ਹਿਰਦੇ ਵਿੱਚ ਸਤਿਗੁਰਾਂ ਨੂੰ ਮਿਲ ਕੇ ਪ੍ਰਭੂ ਮਿਲਾਪ ਦਾ ਢੰਗ ਜਾਣਨ ਦੀ ਲਗਨ ਲੱਗੀ ਰਹਿਣੀ ਵੱਡੇ ਭਾਗਾਂ ਦੀ ਨਿਸ਼ਾਨੀ ਹੈ।

– ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥
ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ॥
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ॥

ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ॥
ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥
ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥
ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥
ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥
ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥
ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥
ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥
ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥
ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ॥
ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥
ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ॥
ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥
ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥
ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥
ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥
ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ (੭੫੭)

ਸਾਰੇ ਗੁਰੂ ਸ਼ਬਦ ਵਿੱਚੋਂ ਏਹੀ ਝੋਲਾ ਪੈ ਰਿਹਾ ਹੁੰਦਾ ਹੈ ਕਿ ਸਾਡੇ ਤਰਲੇ ਅੱਖੀਆਂ ਨਾਲ ਕੀਤੇ ਜਾਣ ਵਾਲੇ ਦਰਸ਼ਨਾਂ ਦੀਦਾਰਿਆਂ ਵਾਸਤੇ ਹੀ ਹਨ। ਜਿਸ ਅੰਦਰੂਨੀ ਸਿੱਕ ਦੁਆਰਾ ਦਰਸ਼ਨਾਂ ਦੀ ਇਹ ਮੰਗ ਕੀਤੀ ਜਾ ਰਹੀ ਹੈ, ਉਸ ਤੋਂ ਇਹ ਆਸ ਬੱਝੀ ਰਹਿੰਦੀ ਹੈ ਕਿ ਜੁਗਾਂ ਜੁਗਾਂਤਰਾਂ ਤੋਂ ਆਪਣੇ ਭਗਤਾਂ ਦੀ ਪੈਜ ਰੱਖਦੇ ਆਉਣ ਵਾਲੇ ਪ੍ਰਭੂ ਜੀ ਆਪਣਾ ਬਿਰਦ ਪਾਲਦੇ ਹੋਏ ਸਾਖਸ਼ਾਤ ਪ੍ਰਗਟ ਹੋਏ ਕਿ ਹੋਏ। ਹਿਰਦੇ ਦੀ ਇਸ ਤਿਆਗ ਵੈਰਾਗ ਭਰੀ ਸੱਚੀ ਪੁਕਾਰ ਨੂੰ ਅਥਵਾ **“ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥”** ਸਤਿ ਸੰਤੋਖ ਵਾਲੀ ਇਸ ਅਰਦਾਸ ਨੂੰ ਮੰਨ ਕੇ, ਅਕਾਲ ਪੁਰਖ ਜ਼ਰੂਰ ਸਾਖਸ਼ਾਤ ਦਰਸ਼ਨ ਦੇ ਦੇਣਗੇ। ਪਰ ਗੁਰੂ ਸ਼ਬਦ ਦੇ ਅਖੀਰ ਵਿੱਚ ਜੋ ਦਰਸ਼ਨ ਹੋਏ ਹਨ ਉਹ ਸਰਬ ਵਿਆਪਕਤਾ ਵਾਲੇ ਹੀ ਹਨ। ਰਚਨਾ ਵਿੱਚ ਹੀ ਰਚਣਹਾਰ ਦੇ ਦੀਦਾਰੇ ਕਰਨ ਵਾਲੀ ਅੱਖ ਦੀ ਬਖਸ਼ਿਸ਼। ਏਹੀ ਹਨ ਉਸ ਸਿਰਜਣਹਾਰ ਦਾਤਾਰ ਜੀ ਦੇ ਅਸਲੀ ਦਰਸ਼ਨ। ਅਗਲੇ ਸ਼ਬਦ ਵਿੱਚ ਵੀ ਅਨੋਖਾ ਉਡੀਕ ਰੰਗ ਅਤੇ ਅਨੋਖੇ ਹੀ ਦਰਸ਼ਨ ਦੀਦਾਰੇ ਆਉ ਇਕਾਗਰਤਾ ਨਾਲ ਉਸ ਅਪਾਰ ਗੁਣਾਂ ਵਾਲੇ ਸੱਜਣਾਂ ਦੇ ਦਰਸ਼ਨ ਕਰਨੇ ਸਿੱਖੀਏ:

– ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ॥
ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ॥
ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ॥ ਰਹਾਉ॥
ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ॥
ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ॥
ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ॥
ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ॥
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ॥

ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ॥
ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ॥
ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ॥ (੪੧)

- ਮਨਿ ਬਿਰਾਗੈਗੀ॥ ਖੋਜਤੀ ਦਰਸਾਰ॥ ਰਹਾਉ॥
ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ॥ ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ॥
ਕਾਮ ਕਰੀ ਸਭ ਤਿਆਗਿ ਕੈ ਹਉ ਸਰਨਿ ਪਰਉਗੀ॥
ਨਾਨਕ ਸੁਆਮੀ ਗੁਰਿ ਮਿਲੇ ਹਉ ਗੁਰ ਮਨਾਵਉਗੀ॥ (੧੨੩੦)

- ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ॥
ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ॥ ਰਹਾਉ॥
ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥
ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ॥
ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰ ਧਨ ਸੋਹਾਗੈ॥
ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥
ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ॥
ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ॥
ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ॥ (੧੧੯੭)

ਪ੍ਰਭੂ ਦੀ ਸੱਚੀ ਯਾਦ ਹਿਰਦੇ ਵਿਚ ਸਮਾ ਜਾਣੀ ਹੀ ਵਾਹਿਗੁਰੂ ਜੀ ਦੇ ਸਾਖਸ਼ਾਤ ਦਰਸ਼ਨ ਹਨ। ਪ੍ਰਭੂ ਦੀ ਯਾਦ ਵਿੱਚ ਰੰਗੇ ਹਿਰਦੇ ਵਾਲਾ ਮਨੁੱਖ ਸਿਰਜਣਾ ਦੇ ਕਣ-ਕਣ ਵਿੱਚ ਹਰੇਕ ਜੀਵ ਵਿੱਚ ਉਸ ਪ੍ਰਭੂ ਦੇ ਹੀ ਦਰਸ਼ਨ ਕਰਦਾ ਹੈ ਅਤੇ ਸਦਾ ਤ੍ਰਿਪਤ ਅਤੇ ਪ੍ਰਸੰਨ ਰਹਿੰਦਾ ਹੈ।

ਦਰਸ਼ਨਾਂ ਦੀ ਸਿੱਕ ਦਾ ਇੱਕ ਹੋਰ ਰੰਗ

- ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥ (੯੪)

ਕੀਰਤਨ ਵਿੱਚ ਅਸਥਾਈ ਰੂਪ ਵਿੱਚ ਉਪਰਲੀ ਤੁਕ ਵਾਰ-ਵਾਰ ਗਾਇਨ ਹੋ ਰਹੀ ਹੋਵੇ ਤਾਂ ਯਕੀਨ ਬੱਝ ਰਿਹਾ ਹੁੰਦਾ ਹੈ ਕਿ ਪੰਚਮ ਪਾਤਸ਼ਾਹ ਮਨੁੱਖਾ ਦੇਹੀ ਵਾਲੇ ਰੱਬ ਦੇ ਸਾਖਸ਼ਾਤ ਦਰਸ਼ਨ ਇਨ੍ਹਾਂ ਅੱਖੀਆਂ ਨਾਲ ਕਰਨਾ ਲੋਚਦੇ ਹਨ। ਜੇ ਸਰੀਰ ਦੇ ਬਾਹਰੀ ਨੇਤਰਾਂ ਨਾਲ ਪ੍ਰਤੱਖ ਦਰਸ਼ਨ ਸੰਭਵ ਨਾ ਹੁੰਦੇ ਤਾਂ ਅਜਿਹੇ ਦਰਸ਼ਨਾਂ ਲਈ ਐਡੇ ਵੈਰਾਗ ਦਾ ਕੀ ਅਰਥ? ਆਉ ਪੂਰਾ ਸ਼ਬਦ ਧਿਆਨ ਨਾਲ ਪੜ੍ਹੀਏ:

- ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ॥ ਵਡਭਾਗੀ ਹਰਿ ਨਾਮੁ ਧਿਆਇਆ॥
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ॥
ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ॥
ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ॥
ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥
ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ॥ (੯੪)

- ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ॥
ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ॥ (੧੭੩)

- ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ॥ ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ॥ (੮੦)

– ਡੇਖਣੁ ਕੂ ਮੁਸਤਾਕੁ ਮੁਖੁਕਿ ਜੇਹਾ ਤਉ ਧਣੀ॥
ਫਿਰਦਾ ਕਿਤੈ ਹਾਲਿ ਜਾ ਛਿਠਮੁ ਤਾ ਮਨੁ ਧ੍ਰਾਪਿਆ॥ (੧੦੯੬)

ਵਡਭਾਗੀ ਗੁਰ ਦਰਸਨ ਪਾਇਆ

ਸਦੀਵੀ ਦਰਸ਼ਨਾਂ ਦੇ ਟਿਕਾਣੇ ਤੇ ਪੁੱਜਣ ਲਈ ਰਸਤੇ ਅਥਵਾ ਪ੍ਰਭੂ ਦੀ ਯਾਦ ਦਾ ਹਿਰਦੇ ਵਿੱਚ ਨਿਵਾਸ ਹੋ ਜਾਣਾ ਹੀ ਉਸ ਦੇ ਦਰਸ਼ਨ ਹਨ:

– ਮਨਸਾ ਧਾਰਿ ਜੋ ਘਰ ਤੇ ਆਵੈ॥ ਸਾਧਸੰਗਿ ਜਨਮੁ ਮਰਣੁ ਮਿਟਾਵੈ॥
ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ॥
ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ॥ ਸਾਧਿਕ ਸਿਧ ਧਿਆਵਹਿ ਗਿਆਨੀ॥
ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ॥
ਅਨਦ ਮੰਗਲ ਕਲਿਆਣ ਨਿਧਾਨਾ॥ ਸੂਖ ਸਹਜ ਹਰਿ ਨਾਮੁ ਵਖਾਨਾ॥
ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ॥ (੧੦੩)

ਪ੍ਰਭੂ ਦੀ ਸਦੀਵੀ ਯਾਦ ਅਤੇ ਘਟ ਘਟ ਵਿੱਚ ਉਸਦੀ ਵਿਆਪਕਤਾ ਦਾ ਅਨੁਭਵ ਹੀ ਪ੍ਰਭੂ ਦੇ ਸੱਚੇ ਦਰਸ਼ਨ ਹਨ:

– ਐਸੋ ਦਾਸੁ ਮਿਲੈ ਸੁਖੁ ਹੋਈ॥ ਦੁਖੁ ਵਿਸਰੈ ਪਾਵੈ ਸਚੁ ਸੋਈ॥
ਦਰਸਨੁ ਦੇਖਿ ਭਈ ਮਤਿ ਪੂਰੀ॥ ਅਠਸਠਿ ਮਜਨੁ ਚਰਨਹ ਧੂਰੀ॥ ਰਹਾਉ॥
ਨੇਤ੍ਰ ਸੰਤੋਖੇ ਏਕ ਲਿਵ ਤਾਰਾ॥ ਜਿਹਵਾ ਸੂਚੀ ਹਰਿ ਰਸ ਸਾਰਾ॥
ਸਚੁ ਕਰਣੀ ਅਭ ਅੰਤਰਿ ਸੇਵਾ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ॥
ਜਹ ਜਹ ਦੇਖਉ ਤਹ ਤਹ ਸਾਚਾ॥ ਬਿਨੁ ਬੂਝੇ ਝਗਰਤ ਜਗੁ ਕਾਚਾ॥
ਗੁਰੁ ਸਮਝਾਵੈ ਸੋਝੀ ਹੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥
ਕਰਿ ਕਿਰਪਾ ਰਾਖਹੁ ਰਖਵਾਲੇ॥ ਬਿਨੁ ਬੂਝੇ ਪਸੂ ਭਏ ਬੇਤਾਲੇ॥
ਗੁਰਿ ਕਹਿਆ ਅਵਰੁ ਨਹੀ ਦੂਜਾ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ॥
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥ ਆਤਮੁ ਚੀਨੈ ਸੁ ਤਤੁ ਬੀਚਾਰੇ॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥ (੨੨੪)

– ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ॥
ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ॥
ਅਬ ਮੋਹਿ ਰਾਮ ਜਸੋ ਮਨਿ ਗਾਇਓ॥
ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ॥ ਰਹਾਉ॥
ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ॥
ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ॥
ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ॥
ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ॥
ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ॥
ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ॥ (੬੭੧)

– ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥ (੯੬੪)

ਸਾਵਧਾਨ ਇਕਾਗਰ ਚੀਤ

– ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (੧)

ਸਤਿਗੁਰਾਂ ਦੇ ਉਪਦੇਸ਼ ਨੂੰ ਸਮਝ ਕੇ ਹਿਰਦੇ ਵਿੱਚ ਬਿਠਾਉਣ ਦੀ ਰੁਚੀ ਨਾਲ ਜੇ ਜਪੁਜੀ ਦਾ ਪਾਠ ਸਾਵਧਾਨ ਅਤੇ ਇਕਾਗਰ ਚਿਤ ਹੋ ਕੇ ਕਰੀਏ ਤਾਂ ਸਮਝ ਆਉਣੀ ਆਰੰਭ ਹੋ ਜਾਂਦੀ ਹੈ ਕਿ ਸਚਿਆਰ ਬਣਨ ਲਈ ਕੂੜ ਦਾ ਮੋਟਾ ਪੜਦਾ ਕਿਵੇਂ ਹਟਾਉਣਾ ਹੈ, ਭਾਵ ਝੂਠ ਵਿਕਾਰਾਂ ਰੂਪ ਪਾਪਾਂ ਦੀ ਮੈਲ ਧੋ ਕੇ ਜੀਵਨ ਨਿਰਮਲ ਬਣਾ ਲੈਣ ਲਈ ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਨਾਲ ਜੁੜੇ ਰਹਿ ਕੇ ਕਿਵੇਂ ਪ੍ਰਭੂ ਦੇ ਨਾਮ ਰੰਗ ਵਿੱਚ ਗੜੁੱਚ ਹੋਣਾ ਹੈ। ਫਿਰ ਅਪਹੁੰਚ ਬੇਅੰਤ ਪ੍ਰਭੂ ਦੀ ਅਗੰਮਤਾ ਦੇ ਦਰਸ਼ਨ ਕਰਾ ਕੇ ਉਸ ਨੂੰ ਪਾਉਣ ਲਈ ਕੀਤੇ ਜਾ ਰਹੇ ਵਿਖਾਵੇ ਵਾਲੇ ਧਰਮ ਕਰਮਾਂ ਨੂੰ ਵਿਅਰਥ ਦੱਸ ਕੇ ਅਜਿਹੀ ਸੱਚਖੰਡ ਰੂਪੀ ਆਤਮਿਕ ਅਵਸਥਾ ਦਾ ਅਨੁਭਵ ਕਰਵਾਇਆ ਜਾਂਦਾ ਹੈ ਜਿੱਥੇ ਨਿਰੰਕਾਰ ਦੇ ਵਾਸੇ ਦਾ ਝਲਕਾਰਾ ਵੱਜਦਾ ਹੈ। ਜਪ ਤੋਂ ਅੱਗੇ ਗੁਟਕਿਆਂ ਵਿੱਚ ਛਪੀ **"ਸ਼ਬਦ ਹਜ਼ਾਰੇ"** ਨਾਮਕ ਬਾਣੀ ਨੂੰ ਧਿਆਨ ਜੋੜ ਕੇ ਪੜ੍ਹੀਏ ਤਾਂ ਦਰਸ਼ਨਾਂ ਦੀ ਤਾਂਘ ਵੀ ਬਣੇ ਅਤੇ ਸਤਿਗੁਰੂ ਜੀ ਦੀ ਵਿਚੋਲਗੀ ਦੁਆਰਾ ਹਿਰਦੇ ਘਰ ਵਿੱਚ ਹੀ ਪ੍ਰਭੂ ਸੰਤ ਦੇ ਮਿਲਾਪ ਦਾ ਨਜ਼ਾਰਾ ਵੀ ਰੋਜ਼ ਹੀ ਮਾਣੀਏ:

– ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥ ਰਹਾਉ॥ (੯੬)

ਦਰਸ਼ਨਾਂ ਲਈ ਹਿਰਦੇ ਵਿੱਚ ਉਪਜੀ ਸਿੱਕ ਦਾ ਸਿਖਰ, ਅੱਗੇ ਜੋ ਫੁਰਮਾਨ ਹੈ ਉਸ ਤੋਂ ਆਪਣੇ ਸੱਜਣ ਮਿੱਤ੍ਰ ਵਾਹਿਗੁਰੂ ਤੋਂ ਚਿਰਾਂ ਤੋਂ ਪਏ ਵਿਛੋੜੇ ਦਾ ਅੰਤ ਹੋਣ ਦਾ ਝੋਲਾ ਪੈਂਦਾ ਹੈ ਅਤੇ ਉਸ ਸੱਜਣ ਤੋਂ ਸਦਾ ਕੁਰਬਾਨ ਜਾਣ ਵਾਲੇ ਬੋਲਾਂ ਤੋਂ ਜ਼ਰਾ ਵੀ ਸ਼ੱਕ ਨਹੀਂ ਰਹਿ ਜਾਂਦਾ ਕਿ ਕਿਸੇ ਅਨੋਖੇ ਦੇਸ਼ ਵਿੱਚ ਬਣੇ ਬੜੇ ਚੰਗੇ ਸਿੰਘਾਸਨ ਤੇ ਬੈਠੇ ਸੁੰਦਰ ਸਰੂਪ ਮਿੱਠ-ਬੋਲੜੇ ਸੋਹਣੇ ਪ੍ਰਭੂ ਦੇ ਦਰਸ਼ਨ ਹੋਇ ਕਿ ਹੋਇ:

– ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥ ਰਹਾਉ॥ (੯੬)

ਪਰ ਅੱਗੇ ਸਾਖਸ਼ਾਤ ਦਰਸ਼ਨਾਂ ਦੀ ਗੱਲ ਅਤੇ ਮਿਲਾਪ ਦੀ ਘੜੀ ਲਈ ਵਧੀ ਹੋਈ ਬੇਚੈਨੀ ਨੇ ਮਿਲਾਪ ਦੀ ਤੜ੍ਹਪ ਨੇ ਹੋਰ ਵੀ ਡੂੰਘਾ ਰੰਗ ਫੜ ਲਿਆ:

– ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ ਰਹਾਉ॥ (੯੬)

ਅੱਗੇ ਹੁਣ ਅਨੋਖੇ ਅਨੁਪਮ ਹਿਰਦਾ ਰੂਪ ਤਖ਼ਤ ਤੇ ਪ੍ਰਗਟ ਆ ਸੰਤ ਪ੍ਰਭੂ ਪਤੀ ਦੇ ਮਿਲਾਪ ਦਾ ਰੰਗ, ਦਰਸ਼ਨਾਂ ਦੀ ਠੰਢ ਅਥਵਾ ਸੱਚੇ ਸਾਹਿਬ ਪ੍ਰਭੂ ਪਤੀ ਨਾਲ ਹੋ ਰਹੇ ਵਸਲ ਅਨੰਦ ਦਾ ਅਦੁਤੀ ਸੁੱਖ ਵੀ ਮਾਣ ਲਈਏ ਅਤੇ ਪ੍ਰੀਤਮ ਪਿਆਰੇ ਤੋਂ ਸਦਕੇ ਵਾਰਨੇ ਜਾਈਏ:

– ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥ (੯੭)

ਹੋਰ ਕਈ ਵਡਮੁੱਲੀਆਂ ਸਿੱਖਿਆਵਾਂ ਪੜ੍ਹ ਲੈਣ ਉਪਰੰਤ ਵੀ ਜਦ ਅਸੀਂ ਪ੍ਰਮਾਤਮਾ ਦੇ ਦਰਸ਼ਨ ਕਿਤੋਂ ਬਾਹਰੋਂ ਪਾ ਸਕਣ ਲਈ ਕਈ ਤਰ੍ਹਾਂ ਦੇ ਧਰਮ ਕਰਮਾਂ ਵਿੱਚ ਫਸੇ ਹੰਕਾਰੀ ਬਣ ਰਹੇ ਹੁੰਦੇ ਹਾਂ ਤਾਂ ਬੜੀ ਮਿੱਠੀ ਬੋਲੀ ਵਰਤਦਿਆਂ ਸਾਨੂੰ ਭੁੱਲੜਾਂ ਨੂੰ ਸੰਬੋਧਨ ਕਰਕੇ ਸਾਡੇ ਸੱਚੇ ਸੱਜਣ ਸਤਿਗੁਰੂ ਜੀ ਇਉਂ ਫੁਰਮਾਉਂਦੇ ਹਨ:

– ਇਆਨੜੀਏ ਮਾਨੜਾ ਕਾਇ ਕਰੇਹਿ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥
ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥ (੭੨੨)

ਜੀਵ ਇਸਤਰੀ ਤਾਂ ਹੀ ਸੋਹਾਗ ਭਾਗ ਵਾਲੀ ਅਤੇ ਪ੍ਰਭੂ ਚਰਨਾਂ ਵਿੱਚ ਜੁੜੀ ਸਮਝੀ ਜਾਂਦੀ ਹੈ ਜੇ ਉਹ ਪ੍ਰਭੂ ਪਤੀ ਨੂੰ ਭਾ ਜਾਵੇ। **"ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ"** ਦੇ ਮਹਾਂਵਾਕ ਅਨੁਸਾਰ ਅਜਿਹੀ ਸਾਧਨਾ ਵਾਲੀ ਜੀਵਨ ਜੁਗਤ ਬਣਾਵੇ ਜਿਸ ਨਾਲ ਮਨ-ਮੰਦਰ ਵਿੱਚ ਅਜਿਹਾ ਤੀਰਥ ਬਣ ਜਾਵੇ ਜਿਸ ਕਾਰਨ ਹਿਰਦੇ ਘਰ ਵਿੱਚ ਸਦਾ ਆਤਮਿਕ ਇਸ਼ਨਾਨ ਕਰਦੇ ਰਹਿਣ ਦਾ ਅਨੰਦ ਬਣ ਸਕੇ ਅਤੇ ਮਨ ਤੇ ਸਰੀਰ ਦੀ ਅਵਸਥਾ ਇਹ ਬਣ ਜਾਵੇ, ਮਨ ਅਜਿਹਾ ਤਿਆਗੀ ਬਣ ਜਾਵੇ ਕਿ ਪ੍ਰਭੂ ਤੋਂ ਬਿਨ੍ਹਾਂ ਹੋਰ ਕਿਸੇ ਦੀ ਕੋਈ ਮੁਥਾਜੀ ਨਾ ਰਹਿ ਜਾਵੇ। ਅੰਦਰ ਬਾਹਰ ਹਰ ਥਾਂ ਸਦਾ ਉਸੇ ਦੇ ਹੀ ਦੀਦਾਰੇ ਹੁੰਦੇ ਰਹਿਣ। ਜਦ ਪ੍ਰਭੂ ਨਿਵਾਸ ਦੇ ਗਿਆਨ ਪ੍ਰਕਾਸ਼ ਨਾਲ ਮਨ ਇੱਕ ਮੰਦਰ ਬਣ ਜਾਵੇਗਾ ਤਾਂ ਸਾਰਾ ਸੰਸਾਰ ਹੀ ਪ੍ਰਭੂ ਦਾ ਨਿਵਾਸ ਅਸਥਾਨ ਇੱਕ ਮੰਦਰ ਹੀ ਹੋ ਦਿੱਸਣਾ ਹੈ। ਕੇਵਲ ਪ੍ਰਭੂ ਦਾ ਹੀ ਆਸਰਾ ਬਣ ਜਾਂਦਾ ਹੈ ਅਤੇ ਆਪਾ ਭਾਵ ਮਿਟ ਜਾਣ ਨਾਲ **"ਘਟਿ ਘਟਿ ਵਾਸੀ ਸਰਬ ਨਿਵਾਸੀ"** ਉਹ ਆਪ ਹੀ ਗਿਆਨ ਦਾਤਾ ਦਾਤਾਰ ਹੋ ਦਿੱਸਦਾ ਹੈ:

- ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥
ਕਉਨੁ ਜਾਣੈ ਪੀਰ ਪਰਾਈ॥ ਹਮ ਨਾਹੀ ਚਿੰਤ ਪਰਾਈ॥ ਰਹਾਉ॥
ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ॥
ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥
ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥ (੭੯੫)

- ਹਠ ਮੰਝਾਹੂ ਮੈ ਮਾਣਕੁ ਲਧਾ॥ ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ॥
ਢੂੰਢ ਵਞਾਈ ਥੀਆ ਥਿਤਾ॥ ਜਨਮੁ ਪਦਾਰਥੁ ਨਾਨਕ ਜਿਤਾ॥ (੯੬੪)

ਕੀ ਬਾਹਰੀ ਨੇਤਰਾਂ ਨਾਲ ਪ੍ਰਭੂ ਦਰਸ਼ਨਾਂ ਦੀ ਪ੍ਰਾਪਤੀ ਸੰਭਵ ਹੈ?

ਗੁਰਬਾਣੀ ਅੰਦਰ ਕਈ ਥਾਂਈਂ ਅੱਖੀਆਂ ਨਾਲ ਪ੍ਰਭੂ ਦੇ ਦਰਸ਼ਨਾਂ ਦਾ ਜ਼ਿਕਰ ਆਉਂਦਾ ਹੈ। ਕਈ ਮੰਨੇ ਪ੍ਰਮੰਨੇ ਪ੍ਰਚਾਰਕ ਵੀ ਜ਼ੋਰਦਾਰ ਸ਼ਬਦਾਂ ਰਾਹੀਂ ਸੰਗਤਾਂ ਦੀ ਤਸੱਲੀ ਕਰਵਾ ਰਹੇ ਹੁੰਦੇ ਹਨ ਕਿ ਪ੍ਰਮਾਤਮਾ ਦੇ ਸਾਖਸ਼ਾਤ ਦਰਸ਼ਨਾਂ ਦੀ ਗੱਲ ਵੀ ਸਤਿਗੁਰਾਂ ਨੇ ਆਪ ਹੀ ਕਰ ਦਿੱਤੀ ਹੋਈ ਹੈ। ਇਸ ਤਰ੍ਹਾਂ ਕਹਿਣਾ ਗੁਰਮਤਿ ਦੇ ਅਟੱਲ ਸਿਧਾਂਤਾਂ ਦੀ ਖੰਡਨਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਹੈ। ਗੁਰਮਤਿ ਦਾ ਪੱਕਾ ਸਿਧਾਂਤ ਹੈ ਕਿ ਆਪਣੀ ਰਚਨਾ ਦੇ ਕਣ-ਕਣ ਵਿੱਚ ਵਿਆਪਕ ਅਪਾਰ ਸ਼ਕਤੀ ਪ੍ਰਮਾਤਮਾ ਨੂੰ ਕਦੇ ਵੀ ਉਚੇਚੇ ਸਾਖਸ਼ਾਤ ਰੂਪ ਵਿੱਚ ਵੇਖਿਆ ਨਹੀਂ ਜਾ ਸਕਦਾ।

- ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ (੧੩)

ਭੁੱਲ ਇਹੋ ਹੋ ਰਹੀ ਹੁੰਦੀ ਹੈ ਕਿ ਸਾਰੇ ਗੁਰੂ ਫੁਰਮਾਨ ਦੀ ਪੂਰੀ ਵਿਚਾਰ ਕਰਨ ਦੀ ਥਾਂ ਕਿਸੇ ਇੱਕ ਪੰਗਤੀ ਨੂੰ ਹੀ ਗੁਰਮਤਿ ਦਾ ਸਿਧਾਂਤ ਮੰਨ ਬੈਠਦੇ ਹਾਂ। ਆਉ ਮਨ ਦੁਆਰਾ ਆਪਣੇ ਸਤਿਗੁਰਾਂ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਕੇ ਅਸਲੀਅਤ ਸਮਝਣ ਲਈ ਜੋਦੜੀਆਂ ਕਰੀਏ:

- ਨੇੜੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥ (੫੧੭)

- ਗੁਰਹਿ ਦਿਖਾਇਓ ਲੋਇਨਾ॥ ਰਹਾਉ॥ ਈਤਹਿ ਊਤਹਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥
ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ॥
ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ॥ (੪੦੭)

- ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇੜੀ ਜਗਤੁ ਨਿਹਾਲਿਆ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥ ਕਰਿ ਕਿਰਪਾ ਪਾਰਿ ਉਤਾਰਿਆ॥ (੪੭੦)

– ਲੋਇਣ ਲੋਈ ਡਿਠ ਪਿਆਸ ਨ ਬੂਝੈ ਮੂ ਘਣੀ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥ ਛੰਤੁ॥
ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ॥ ਸੇ ਸਾਚੀ ਦਰਗਹ ਭਾਣੇ ਰਾਮ॥
ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ॥
ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ॥
ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ॥
ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ॥ (੫੭੭)

ਗੁਰੂ ਦੇ ਸਨਮੁਖ ਰਹਿਣ ਨਾਲ ਉਹ ਬਿਅੰਨਿ ਅੱਖੀਆਂ ਮਿਲ ਗਈਆਂ ਤੇ ਅਗੋਚਰ ਪ੍ਰਮਾਤਮਾ ਨੂੰ ਹਰ ਥਾਂ ਵੱਸਦਾ ਵੇਖ ਲਿਆ:

– ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥ (੮੭)

– ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ॥ ਮਨ ਤਨ ਅੰਤਰਿ ਇਹੀ ਸੁਆਉ॥
ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ॥ ਮਨੁ ਬਿਗਸੈ ਸਾਧ ਚਰਨ ਧੋਇ॥ ਭਗਤ ਜਨਾ ਕੈ ਮਨਿ ਤਨਿ ਰੰਗੁ॥
ਬਿਰਲਾ ਕੋਊ ਪਾਵੈ ਸੰਗੁ॥ ਏਕ ਬਸਤੁ ਦੀਜੈ ਕਰਿ ਮਇਆ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ॥
ਤਾ ਕੀ ਉਪਮਾ ਕਹੀ ਨ ਜਾਇ॥ ਨਾਨਕ ਰਹਿਆ ਸਰਬ ਸਮਾਇ॥ (੨੯੦)

– ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ॥ ਰਹਾਉ॥
ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ॥
ਸਤਿਗੁਰਿ ਦਇਆਲ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ॥
ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ॥
ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ॥
ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥
ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ॥ (੭੧੧)

– ਮੁਖਿ ਸਾਲਾਹੀ ਸਚੇ ਸਾਹਾ॥ ਨੈਣੀ ਪੇਖਾ ਅਗਮ ਅਥਾਹਾ॥
ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ॥.....
ਜਹ ਰਾਖੈ ਸੋਈ ਸੁਖ ਥਾਨਾ॥ ਸਹਜੇ ਹੋਇ ਸੋਈ ਭਲ ਮਾਨਾ॥
ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ॥
ਡਰ ਚੂਕੇ ਬਿਨਸੇ ਅੰਧਿਆਰੇ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ॥
ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ॥ (੧੦੨੨)

– ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥
ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ॥

ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ॥ ਅੰਤਰਿ ਬਾਹਰਿ ਇਕੁ ਨੈਣ ਅਲੋਵਣਾ॥
ਜਿਨ੍ਹੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥ ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ॥ (੫੨੩)

- ਦਰਸਨੁ ਦੇਖਤ ਦੋਖ ਨਸੇ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ॥ਰਹਾਉ॥
ਪ੍ਰੀਤਮ ਪ੍ਰਾਨ ਅਧਾਰ ਸੁਆਮੀ॥ ਪੂਰਿ ਰਹੇ ਪ੍ਰਭ ਅੰਤਰਜਾਮੀ॥ (੮੨੬)

- ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ॥
ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥
ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥ (੧੦੩੨)

ਭਰਮ ਭੁਲੇਖਿਆਂ ਤੋਂ ਬਚੇ ਰਹਿਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਿਧਾਂਤਾਂ ਦੀ ਅਟੱਲਤਾ ਦੀ ਮਹੱਤਤਾ

ਗੁਰਬਾਣੀ ਦੇ ਸਿਧਾਂਤਾਂ ਦੀ ਖੰਡਨਾ ਦੇ ਪਾਪ ਤੋਂ ਬਚੇ ਰਹਿਣ ਲਈ ਅਜਿਹੇ ਗੁਰੂ ਫੁਰਮਾਨ ਜਿੰਨ੍ਹਾਂ ਦੇ ਅੱਖਰੀ ਅਰਥਾਂ ਤੋਂ ਇਹੀ ਸਮਝ ਪੈਂਦੀ ਹੈ ਕਿ ਵਾਹਿਗੁਰੂ ਦੇ ਦਰਸ਼ਨ ਸਰੀਰ ਦੇ ਬਾਹਰੀ ਨੇਤ੍ਰਾਂ ਨਾਲ ਵੀ ਹੋ ਸਕਦੇ ਹਨ, ਅਜੇਹਾ ਸਮਝ ਲੈਣਾ ਗੁਰਬਾਣੀ ਦੇ ਬਚਨਾਂ ਦਾ ਤ੍ਰਿਸਕਾਰ ਕਰਨਾ ਹੈ। ਅਗਲੇ ਗੁਰ ਸ਼ਬਦਾਂ ਦੀ ਵਿਚਾਰ ਉਚੇਚੀ ਇਕਾਗਰਤਾ ਮੰਗਦੀ ਹੈ:

- ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ (੧੦੯੪)

ਇਸ ਸਲੋਕ ਦੇ ਅੱਖਰੀ ਅਰਥਾਂ ਤੋਂ ਬਾਹਰੀ ਅੱਖਾਂ ਨਾਲ ਵੇਖਣ ਦੀ ਲੋਚਨਾ ਕਰਨ ਦੀ ਹੀ ਸਮਝ ਆਉਂਦੀ ਹੈ ਪਰ ਸਚਿਆਰ ਗੁਰਸਿੱਖਾਂ ਦਾ ਧਰਮ ਬਣਦਾ ਹੈ ਕਿ ਸਲੋਕ ਵਿਚਲੇ ਸਤਿਗੁਰਾਂ ਦਾ ਅੰਤ੍ਰੀਵ ਇਸ਼ਾਰਾ ਸਮਝ ਕੇ ਅਰਥਾਂ ਨੂੰ ਸਮਝਣ। ਹੇ ਮੇਰੇ ਮਿੱਤਰ ਵਾਹਿਗੁਰੂ ਜੀਓ! ਮੈਂ ਅਜਿਹੀ ਹਰ ਕੁਰਬਾਨੀ ਲਈ ਤਿਆਰ ਹਾਂ ਜਿਸ ਤੋਂ ਤੂੰ ਮੇਰੇ ਹਿਰਦੇ ਵਿੱਚ ਪ੍ਰਗਟ ਹੋ ਕੇ ਮੇਰੇ ਮਨ ਦੀਆਂ ਅੱਖੀਆਂ ਦਾ ਚਾਨਣ ਬਣਿਆ ਰਹੇਂ:

- ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ॥ ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ॥(੧੦੯੪)

- ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ॥
ਕਾਜਲੁ ਹਾਰ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ॥ (੧੦੯੪)

ਰਾਤ ਦਿਨ ਤੇਰੀ ਯਾਦ ਅਜਿਹੀ ਬਣੇ ਕਿ ਸਵੇਰੇ ਉੱਠਦਿਆਂ ਹਰ ਪਾਸੇ ਤੂੰ ਹੀ ਨਜ਼ਰੀਂ ਆਵੇਂ। ਸੰਸਾਰ ਦੇ ਕਣ-ਕਣ ਵਿੱਚ ਤੇਰਾ ਹੀ ਜਲਵਾ ਸਦਾ ਨਜ਼ਰ ਆਵੇ, ਹੇ ਦਾਤਾਰ! ਮੇਰੇ ਤੇ ਅਜਿਹੀ ਮਿਹਰ ਕਰ ਕਿ ਹਰ ਜੀਵ ਤੇਰਾ ਰੂਪ ਹੋ ਦਿੱਸੇ।

- ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥ (੧੦੯੪)

ਪ੍ਰਾਣਾਂ ਤੋਂ ਪਿਆਰੇ ਹੇ ਮੇਰੇ ਸੱਚੇ ਸੱਜਣ ਪ੍ਰਭੂ! ਕਰ ਮਿਹਰ ਅਤੇ ਬਣਾ ਦੇ ਮੇਰੇ ਮਨ ਦੀ ਅਜਿਹੀ ਅਵਸਥਾ ਕਿ ਇਹ ਚੰਦਰੀ ਜੀਭ ਜੋ ਕਈ ਪ੍ਰਕਾਰ ਦੇ ਰਸਾਂ ਕਸਾਂ ਵਿੱਚ ਪ੍ਰਵਿਰਤ ਰਹਿਣੀ ਗਿੱਝੀ ਹੋਈ ਹੈ, ਸਦਾ **'ਸਭ ਗੋਬਿੰਦੁ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀ ਕੋਈ'** ਕਹਿਣ ਲੱਗ ਪਵੇ।

- ਜੇ ਤੂ ਵਤਹਿ ਅੰਞਣੇ ਹਭ ਧਰਤਿ ਸੁਹਾਵੀ ਹੋਇ॥ ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥(੧੦੯੫)

– ਕਪੜ ਭੋਗ ਵਿਕਾਰ ਏ ਹਭੇ ਹੀ ਛਾਰ॥ ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰੁ॥ ਮਃ ੫॥
ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ॥
ਥੀਉ ਸੰਤਨ ਕੀ ਰੇਨੁ ਜਿਤੁ ਲਭੀ ਸੁਖ ਦਾਤਾਰੁ॥ (੧੦੯੮)

– ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ॥ ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ॥ ਮਃ ੫॥
ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ॥ ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ॥ (੧੧੦੦)

ਭਾਵ ਸੁਪਨੇ ਵਿੱਚ ਵੱਜੇ ਉਸ ਝਲਕਾਰੇ ਦਾ ਅਨੰਦ ਅਜੇਹਾ ਸੁਖਦਾਈ ਸੀ ਕਿ ਮਨ ਉਹੀ ਅਨੰਦ ਮਾਣਦੇ ਰਹਿਣ ਦੀ ਪ੍ਰਬਲ ਲਾਲਸਾ ਨਾਲ ਪ੍ਰਭੂ ਦੀ ਯਾਦ ਵਿੱਚ ਜੁੜ ਗਿਆ ਅਤੇ ਇਸ ਤਰ੍ਹਾਂ ਸਹਿਜ ਦੀ ਅਵਸਥਾ ਵਿਚ ਟਿਕ ਗਿਆ ਹੈ।

– ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ॥ (੧੧੦੦)

ਹਿੰਦੂ ਧਰਮ ਵਾਲੇ ਖਟ ਦਰਸ਼ਨ

ਖਟ ਦਾ ਅਰਥ ਹੈ ਛੇ (੬)। ਗੁਰਬਾਣੀ ਵਿੱਚ ਛੇ ਸ਼ਾਸਤ੍ਰਾਂ ਨੂੰ ਵੀ ਛੇ ਦਰਸ਼ਨਾਂ ਦਾ ਨਾਮ ਦਿੱਤਾ ਮਿਲਦਾ ਹੈ:

– ਖੋਜਤ ਖੋਜਤ ਦਰਸਨ ਚਾਹੇ॥ ਭਾਤਿ ਭਾਤਿ ਬਨ ਬਨ ਅਵਗਾਹੇ॥
ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ॥ ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥ (੯੮)

– ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ (੨੬੫)

– ਖਟੁ ਸਾਸਤ੍ਰ ਮੂਰਖੈ ਸੁਨਾਇਆ॥ ਜੈਸੇ ਦਹ ਦਿਸ ਪਵਨੁ ਝੁਲਾਇਆ॥ (੧੧੩੭)

ਮਾਇਆ ਖਹਿੜਾ ਹੀ ਨਹੀਂ ਛੱਡਦੀ ਭਾਵੇਂ:

– ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ॥ (੧੨੧੬)

ਖਟ ਦਰਸਨ

– ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ॥
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ॥ (੬੭)

– ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ॥

ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ॥ ਮੰਨੇ ਨਾਉ ਬਿਸੰਖ ਦਰਗਹ ਪਾਵਣਾ॥
ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ (੧੪੮)

- ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥
ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ॥ (੧੦੯੮)

- ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ॥
ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ॥ (੧੩੭੫)

ਬਹੁ ਅਰਥੀ ਦਰਸਨ ਪਦ

- ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸਬਦਿ ਸਚੈ ਬੈਰਾਗਿ॥
ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗਮ ਅਪਾਰਾ॥
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥ ਰਹਾਉ॥
ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥
ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ॥
ਗੁਰ ਕੈ ਦਰਸਨਿ ਮੋਖ ਦੁਆਰੁ॥ ਸਤਿਗੁਰੁ ਸੇਵੈ ਪਰਵਾਰ ਸਾਧਾਰੁ॥
ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗਣਿ ਮੁਠੇ ਚੋਟਾ ਖਾਹੀ॥
ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥
ਜਮਕਾਲੁ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥ (੩੬੦)

ਵਾਹਿਗੁਰੂ ਦੇ ਦਰਸ਼ਨਾਂ ਦਾ ਇੱਕ ਇਹ ਰੂਪ

- ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥ (੭੨੨)

- ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥
ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥ ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ (੭੨੫)

- ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥ (੭੫੬)

- ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥
ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ਰਹਾਉ॥
ਸਰਨਿ ਸੁਹਾਗਨਿ ਚਰਨ ਸੀਸੁ ਧਰਿ॥ ਲਾਲਨੁ ਮੋਹਿ ਮਿਲਾਵਹੁ॥ ਕਬ ਘਰਿ ਆਵੈ ਰੀ॥
ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ॥
ਤਬ ਰਸ ਮੰਗਲ ਗੁਨ ਗਾਵਹੁ॥ ਆਨਦ ਰੂਪ ਧਿਆਵਹੁ॥ ਨਾਨਕੁ ਦੁਆਰੈ ਆਇਓ॥
ਤਉ ਮੈ ਲਾਲਨੁ ਪਾਇਓ ਰੀ॥ ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥

ਸਭ ਮੇਰੀ ਤਿਖਾ ਬੁਝਾਨੀ॥ ਅਬ ਮੈ ਸਹਜਿ ਸਮਾਨੀ॥ ਮੀਠੀ ਪਿਰਹਿ ਕਹਾਨੀ॥
ਮੋਹਨੁ ਲਾਲਨੁ ਪਾਇਓ ਰੀ॥ ਰਹਾਉ ਦੂਜਾ॥ (੮੩੦)

ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ

- ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ॥ ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ॥
ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ॥
ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ॥
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ॥ (੫੪੪)

- ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ॥ ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥ (੧੩੯)

- ਗੁਰ ਕੇ ਚਰਣ ਊਪਰਿ ਮੇਰੇ ਮਾਥੇ॥ ਤਾ ਤੇ ਦੁਖ ਮੇਰੇ ਸਗਲੇ ਲਾਥੇ॥
ਸਤਿਗੁਰ ਅਪੁਨੇ ਕਉ ਕੁਰਬਾਨੀ॥ ਆਤਮ ਚੀਨਿ ਪਰਮ ਰੰਗ ਮਾਨੀ॥ ਰਹਾਉ॥
ਚਰਣ ਰੇਣੁ ਗੁਰ ਕੀ ਮੁਖਿ ਲਾਗੀ॥ ਅਹੰਬੁਧਿ ਤਿਨਿ ਸਗਲ ਤਿਆਗੀ॥
ਗੁਰ ਕਾ ਸਬਦੁ ਲਗੋ ਮਨਿ ਮੀਠਾ॥ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ॥
ਗੁਰੁ ਸੁਖਦਾਤਾ ਗੁਰੁ ਕਰਤਾਰੁ॥ ਜੀਅ ਪ੍ਰਾਣ ਨਾਨਕ ਗੁਰੁ ਆਧਾਰੁ॥ (੧੮੭)

- ਹਰਿ ਦਾਸਨ ਕੋ ਦਾਸੁ ਸੁਖੁ ਪਾਏ॥ ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ॥
ਹਰਿ ਕਿਰਪਾ ਤੇ ਰਾਮ ਗੁਣ ਗਾਏ॥ (੨੩੩)

- ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥ (੪੮੮)

- ਹੈ ਹਜੂਰਿ ਕਤ ਦੂਰਿ ਬਤਾਵਹੁ॥ ਦੁੰਦਰ ਬਾਧਹੁ ਸੁੰਦਰ ਪਾਵਹੁ॥ (੧੧੬੦)

- ਏ ਮਨ ਨਾਮੁ ਨਿਧਾਨੁ ਤੂ ਪਾਇ॥ ਆਪਣੇ ਗੁਰ ਕੀ ਮੰਨਿ ਲੈ ਰਜਾਇ॥ ਰਹਾਉ॥
ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ॥ ਨਿਰਮਲੁ ਨਾਮੁ ਵਸੈ ਮਨਿ ਆਇ॥ (੫੬੦)

- ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥
ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥ (੫੯੪)

- ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥ (੧੩੮੩)

- ਸਤਿਗੁਰ ਕਾ ਸਚੁ ਸਬਦੁ ਕਮਾਵਹੁ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ॥ (੩੮੬)

- ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ॥ (੬੧੨)

- ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥

ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ॥
ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ॥ (੧੪੧੦)

– ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ॥ ਤਾਂ ਪ੍ਰਭ ਸਾਚੇ ਲਗੈ ਪਿਆਰੁ॥
ਆਪੁ ਛੋਡਿ ਹੋਹਿ ਦਾਸਤ ਭਾਇ॥ ਤਉ ਜਗਜੀਵਨੁ ਵਸੈ ਮਨਿ ਆਇ॥
ਭਗਤਿ ਕਰੇ ਸਦ ਵੇਖੈ ਹਜੂਰਿ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ॥
ਇਸੁ ਭਗਤੀ ਕਾ ਕੋਈ ਜਾਣੈ ਭੇਉ॥ ਸਭੁ ਮੇਰਾ ਪ੍ਰਭੁ ਆਤਮ ਦੇਉ॥
ਆਪੇ ਸਤਿਗੁਰੁ ਮੇਲਿ ਮਿਲਾਏ॥ ਜਗਜੀਵਨ ਸਿਉ ਆਪਿ ਚਿਤੁ ਲਾਏ॥
ਮਨੁ ਤਨੁ ਹਰਿਆ ਸਹਜਿ ਸੁਭਾਏ॥ ਨਾਨਕ ਨਾਮਿ ਰਹੇ ਲਿਵ ਲਾਏ॥ (੧੧੭੩)